ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 189 Daily Newspaper Tuesday, October 02, 2018 Tel: 905-793-2202 Fax: 905-793-2282 news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

## ਅੰਦਰ ਪੜ੍ਹੋ

ਐਨਡੀਪੀ ਨੂੰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਿਆ ਜਾ ਸਕਦਾ ਹੈ : ਜਗਮੀਤ ਸਿੰਘ




ਅਕਾਲੀ ਦਲ ਵਿੱਚ ਬਗਾਵਤੀ ਸੁਰਾਂ ਕਾਰਨ ਬਾਦਲ ਪਰਿਵਾਰ ’ਤੇ ਸੰਕਟ ਦੇ ਬੱਦਲ ਕਾਇਮ




# 14 ਮਹੀਨਿਆਂ ਮਗਰੋਂ ਕੈਨੇਡਾ-ਅਮਰੀਕਾ ਤੇ ਮੈਕਸਿਕੋ ਵਿਚਾਲੇ ਤਿੱਪਖੀ ਡੀਲ ਸਿਰੇ ਚੜ੍ਹੀ



ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਕੈਨੇਡਾ-ਅਮਰੀਕਾ ਤੇ ਮੈਕਸਿਕੋ ਵਿਚਾਲੇ ਤਿਪਖੀ ਡੀਲ ਆਖਿਰਕਾਰ 14 ਮਹੀਨਿਆਂ ਦੇ ਬਾਅਦ ਸਿਰੇ ਚੜ੍ਹ ਗਈ ਹੈ। ਇਸ ਦੇ ਪਹਿਲਾਂ ਵਾਲੇ ਹੀ ਤਿੰਨ ਭਾਈਵਾਲ ਕੈਨੇਡਾ, ਅਮਰੀਕਾ ਤੇ ਮੈਕਸਿਕੋ ਬਰਕਰਾਰ ਹਨ।

ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਤੇ ਯੂਐਸ ਦੇ ਟਰੇਡ ਰਿਪਰਜ਼ੈਂਟੇਟਿਵਜ਼ ਰੌਬਰਟ ਲਾਈਥਜ਼ਰ ਨੇ ਐਤਵਾਰ ਰਾਤ ਨੂੰ ਜਾਰੀ ਕੀਤੇ ਗਏ ਸਾਂਝੇ ਬਿਆਨ ਵਿਚ ਇਸ ਨਵੇਂ ਕਰਾਰ ਨੂੰ ਯੂਨਾਈਟਿਡ ਸਟੇਟਸ-ਮੈਕਸਿਕੋ-ਕੈਨੇਡਾ ਅਗਰੀਮੈਂਟ ਦਾ ਨਾਂ ਦਿੱਤਾ ਗਿਆ ਹੈ ਜਾਂ ਇਸ ਨੂੰ ਸਾਰੇ ਉਸਮਕਾ ਵਜੋਂ ਜਾਨਣਗੇ। ਬਿਆਨ ਵਿਚ ਆਖਿਆ ਗਿਆ ਕਿ ਉਸਮਕਾ ਸਾਡੇ ਕਾਮਿਆਂ, ਕਿਸਾਨਾਂ, ਰੈਂਚਰਜ਼ ਤੇ ਕਾਰੋਬਾਰੀਆਂ ਨੂੰ ਬਿਹਤਰ ਟਰੇਡ ਅਗਰੀਮੈਂਟ ਦਿਵਾਏਗਾ ਤੇ ਨਤੀਜਤਨ ਮੁਕਤ ਮੰਡੀਆਂ, ਸਹੀ ਟਰੇਡ ਤੇ ਸਾਡੇ ਇਲਾਕੇ ਵਿਚ ਆਰਥਿਕ ਵਿਕਾਸ ਵੀ ਖੁੱਲ੍ਹ ਕੇ ਹੋ ਸਕੇਗਾ। ਇਸ ਨਾਲ ਮੱਧਮ ਵਰਗ ਮਜ਼ਬੂਤ ਹੋਵੇਗਾ, ਉਨ੍ਹਾਂ ਨੂੰ ਚੰਗੀਆਂ ਤੇ ਚੰਗੀ ਆਮਦਨ ਵਾਲੀਆਂ ਨੌਕਰੀਆਂ ਤੇ ਨਵੇਂ ਮੌਕੇ ਮਿਲ ਸਕਣਗੇ। ਇਹ ਸਾਰਾ ਕੁੱਝ ਉਨ੍ਹਾਂ ਅੱਧਾ ਬਿਲੀਅਨ ਲੋਕਾਂ ਨੂੰ ਮਿਲਣਗੇ ਜਿਹੜੇ ਨੌਰਥ ਅਮੈਰਿਕਾ ਵਿਚ ਰਹਿੰਦੇ ਹਨ। ...ਬਾਕੀ ਪੰਨਾ 3 ’ਤੇ

## ਪੰਜਾਬੀ ਪੋਸਟ ਵਿਸ਼ੇਸ਼ ਆਰਟੀਕਲ

# ਜੇ ਬਰੈਂਪਟਨ ਖਤਰੇ ਵਿੱਚ ਹੈ ਤਾਂ ਹੱਲ ਲਈ ਕੌਣ ਖੜ੍ਹਾ ਹੈ?


Brampton vision

ਉਂਟੇਰੀਓ ਵਿਚ ਮਿਉਂਸੀਪਲ ਚੋਣਾਂ ਦਾ ਜ਼ੋਰ ਆਪਣੇ ਸਿਖ਼ਰਾਂ ਉੱਤੇ ਹੈ। ਹਰ ਉਮੀਦਵਾਰ ਦੀ ਆਪਣੀ ਸੋਚ, ਆਪਣੀ ਦੂਰ-ਦ੍ਰਿਸ਼ਟੀ ਅਤੇ ਅਪਣੀ ਪਹੁੰਚ ਹੈ ਜਿਸ ਨੂੰ ਸਾਹਮਣੇ ਰੱਖ ਕੇ ਉਹ ਇੱਕ ਚੰਗੇਰੇ ਭੱਵਿਖ ਦੀ ਉਸਾਰੀ ਲਈ ਲੀਡਰਸ਼ਿੱਪ ਪ੍ਰਦਾਨ ਕਰਨ ਲਈ ਜਦੋਜਹਿਦ ਕਰ ਰਿਹਾ ਹੈ। ਦੂਜੇ ਪਾਸੇ ਵੋਟਰ ਹਨ ਜਿਹਨਾਂ ਵਿੱਚੋਂ ਹਰ ਇੱਕ ਦੀ ਆਪਣੀ ਇੱਕ ਆਸ, ਇੱਕ ਤਵੱਕੋ ਅਤੇ ਇੱਕ ਝਾਕ ਹੈ ਜਿਸਨੂੰ ਸਾਹਮਣੇ ਰੱਖ ਕੇ ਉਹ ਕਿਸੇ ਉਮੀਦਵਾਰ ਨੂੰ ਵੋਟ ਪਾਉਣ ਜਾਂ ਨਾ ਪਾਉਣ ਦਾ ਫੈਸਲਾ ਕਰਦਾ ਹੈ। ਉਮੀਦਵਾਰਾਂ ਅਤੇ ਵੋਟਰਾਂ ਤੋਂ ਇਲਾਵਾ ਇੱਕ ਹੋਰ ਸਖ਼ਸ਼ਿਅਤ ਹੁੰਦੀ ਹੈ ਜਿਸਦੀਆਂ ਆਸ਼ਾਵਾਂ, ਚਾਵਾਂ ਅਤੇ ਦੂਰ ਦ੍ਰਿਸ਼ਟੀਆਂ ਦਾ ਮਿਉਂਸੀਪਲ ਚੋਣਾਂ ਵਿਚ ਬਹੁਤ ਅਹਿਮ ਰੋਲ ਹੁੰਦਾ ਹੈ। ਇਹ ਤੀਜੀ ਧਿਰ ਹੈ ਸ਼ਹਿਰ ਜਾਂ ਸਿਟੀ ਖੁਦ। ਹਰ ਸ਼ਹਿਰ ਦਾ ਆਪਣਾ ਕਿਰਦਾਰ, ਆਪਣੀ ਪਹਿਚਾਣ, ਆਪਣੀ ਦਿੱਖ ਅਤੇ ਆਪਣੇ ਵਿਕਾਸ ਦਾ ਇੱਕ ਮਾਰਗ ਹੁੰਦਾ ਹੈ, ਇੱਕ ਰਾਹ ਹੁੰਦਾ ਹੈ ਜੋ ਸ਼ਹਿਰ ਵਾਸੀਆਂ ਅਤੇ ਇਸਦੇ ਲੀਡਰਾਂ ਨੇ ਤਿਆਰ ਕਰਨਾ ਹੁੰਦਾ ਹੈ।

ਪਰਵਾਸੀ ਬਹੁ ਗਿਣਤੀ ਵਾਲੇ ਸ਼ਹਿਰ ਬਰੈਂਪਟਨ ਦੀ ਕੀ ਸੋਚ ਅਤੇ ਕੀ ਦੂਰਦ੍ਰਿਸ਼ਟੀ ਹੈ? ਇਸਦੀ ਸੋਚ ਅਤੇ ਦੂਰਦ੍ਰਿਸ਼ਟੀ ਨੂੰ ਪੂਰਾ ਸੂਰਾ ਕਰਨ ਲਈ ਚੋਣ ਲੜਨ ਜਾ ਰਹੇ ਉਮੀਦਵਾਰਾਂ ਨੇ ਕਿਹੋ ਜਿਹੀਆਂ ਰਣਨੀਤੀਆਂ ਅਪਨਾਉਣੀਆਂ ਹਨ, ਇਸ ਬਾਰੇ ਪੰਜਾਬੀ ਪੋਸਟ ਵੱਲੋਂ ਆਰਟੀਕਲਾਂ ਦੀ ਇੱਕ ਲੜੀ ਬਰੈਂਪਟਨ ਲਈ ਤਿਆਰ ਕੀਤੀ ਗਈ ਦੂਰ ਦ੍ਰਿਸ਼ਟੀ ਭਾਵ ਵਿਜ਼ਨ (ਡ਼ਸਿੋਨ) ਦੀ ਪਿੱਠਭੂਮੀ ਵਿੱਚ ਲਿਖੀ ਜਾ ਰਹੀ ਹੈ ਜਿਸਦਾ ਪਹਿਲਾ ਭਾਗ ਅੱਜ ਪਾਠਕਾਂ ਦੇ ਸਨਮੁਖ ਪੇਸ਼ ਕੀਤਾ ਜਾ ਰਿਹਾ ਹੈ। ...ਬਾਕੀ ਪੰਨਾ 6 ’ਤੇ

# ਤਿੰਨ ਪੜਾਵਾਂ ਵਿੱਚ ਕੀਤਾ ਜਾਵੇਗਾ ਸੈਕਸ ਐਜੂਕੇਸ਼ਨ ਸਬੰਧੀ ਸਲਾਹ-ਮਸ਼ਵਰਾ : ਲੀਜ਼ਾ ਥੌਂਪਸਨ



ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੀ ਸਿੱਖਿਆ ਮੰਤਰੀ ਲੀਜ਼ਾ ਥੌਂਪਸਨ ਦਾ ਕਹਿਣਾ ਹੈ ਕਿ ਟੈਲੀਫੋਨ ਟਾਊਨ ਹਾਲਜ਼ ਤੇ ਪ੍ਰੋਵਿੰਸ ਪੱਧਰ ਉੱਤੇ ਸੈਕਸ ਐਜੂਕੇਸ਼ਨ ਸਬੰਧੀ ਕੀਤੀ ਜਾਣ ਵਾਲੀ ਸਲਾਹ ਦਾ ਵੇਰਵਾ ਪੜਾਅਵਾਰ ਸਾਹਮਣੇ ਲਿਆਂਦਾ ਜਾਵੇਗਾ।

ਪਰ ਸ਼ੁੱਕਰਵਾਰ ਨੂੰ ਆਨਲਾਈਨ ਸਲਾਹ-ਮਸ਼ਵਰਾ ਲਾਂਚ ਕਰਨ ਤੋਂ ਬਾਅਦ ਮਾਪਿਆਂ ਤੋਂ ਸੈਕਸ ਐਜੂਕੇਸ਼ਨ ਦੇ ਨਾਲ ਨਾਲ ਕਈ ਹੋਰ ਵਿਸ਼ਿਆਂ ਬਾਰੇ ਰਾਇ ਜਾਨਣ ਦੇ ਕੀਤੇ ਗਏ ਉਪਰਾਲੇ ਨੂੰ ਵਿਰੋਧੀ ਕ੍ਰਿਟਿਕਸ ਨਾਕਾਫੀ ਮੰਨ ਰਹੇ ਹਨ। ਸੋਮਵਾਰ ਨੂੰ ਕੁਈਨਜ਼ ਪਾਰਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਥੌਂਪਸਨ ਨੇ ਆਖਿਆ ਕਿ ਉਨ੍ਹਾਂ ਦੇ ਮੰਤਰਾਲੇ ਵੱਲੋਂ ਸਕੂਲ ਬੋਰਡਜ਼ ਤੱਕ ਪਹੁੰਚ ਕੀਤੀ ਗਈ ਹੈ ਤੇ ਉਹ ਆਪਣੇ ਇਲਾਕਿਆਂ ਵਿਚ ਇਸ ਦਾ ਪ੍ਰਚਾਰ ਕਰ ਰਹੇ ਹਨ ਤੇ ਅਸੀਂ ਆਪਣੇ ਪੜਾਵਾਂ ਬਾਰੇ ਵੀ ਗੱਲ ਕਰਾਂਗੇ। ...ਬਾਕੀ ਪੰਨਾ 6 ’ਤੇ

# ਅਣਗੌਲੀਆਂ ਗਈਆਂ ਇੰਡਸਟਰੀਜ਼ ਨੂੰ ਮੁਆਵਜ਼ਾ ਦਿਵਾਉਣ ਲਈ ਫੈਡਰਲ ਸਰਕਾਰ ’ਤੇ ਦਬਾਅ ਪਾਵਾਂਗੇ : ਫੋਰਡ



ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਅਮਰੀਕਾ ਤੇ ਮੈਕਸਿਕੋ ਨਾਲ ਫੈਡਰਲ ਸਰਕਾਰ ਵੱਲੋਂ ਕੀਤੀ ਗਈ ਨਵੀਂ ਟਰੇਡ ਡੀਲ ਦੌਰਾਨ ਅਣਗੌਲੀਆਂ ਗਈਆਂ ਇੰਡਸਟਰੀਜ਼ ਨੂੰ ਮੁਆਵਜ਼ਾ ਦਿਵਾਉਣ ਲਈ ਓਨਟਾਰੀਓ, ਫੈਡਰਲ ਸਰਕਾਰ ਉੱਤੇ ਦਬਾਅ ਪਾਵੇਗਾ। ਪਰ ਪ੍ਰੋਵਿੰਸ ਵੱਲੋਂ ਕਿਸੇ ਵੀ ਤਰ੍ਹਾਂ ਦੀ ਵਿੱਤੀ ਸਹਾਇਤਾ ਦੇਣ ਦੀ ਗੱਲ ਨਹੀਂ ਆਖੀ ਗਈ।

ਨਾਫਟਾ ਡੀਲ ਦੀ ਥਾਂ ਲੈਣ ਵਾਲੇ ਨਵੇਂ ਸਮਝੌਤੇ ਬਾਰੇ ਸੋਮਵਾਰ ਨੂੰ ਜਦੋਂ ਉਨ੍ਹਾਂ ਨੂੰ ਤੇ ਹੋਰਨਾਂ ਪ੍ਰੀਮੀਅਰਜ਼ ਨੂੰ ਜਾਣਕਾਰੀ ਦਿੱਤੀ ਗਈ ਉਸ ਤੋਂ ਪਹਿਲਾਂ ਫੋਰਡ ਨੇ ਆਖਿਆ ਕਿ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਫੈਡਰਲ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ। ...ਬਾਕੀ ਪੰਨਾ 3 ’ਤੇ

PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Bed Bug Control
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME · AUTO · BUSINESS · TRUCKING · R.E.S.P · COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axcel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

KELLEY LAW OFFICE
AREA OF PRACTICE
Immigration · Real Estate · Family Law · Business Closing · Corporate · Wills & Estate · Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc. Residential, Commercial www.ksgpestcontrol.ca
Amarjeet Singh Gill 647.990.3205

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

Toronto Pest Arrest
Pest Control Residential/Commercial/Industrial
Specialist in Bed Bed Bugs & Cockroaches Services
Ants, Rats, Mice, Centipedes Bed Bugs, Spider, Beetle & Cockroaches Control
SAME DAY SERVICE & 100% SATISFACTION GUARANTEED
Discount For Seniors Single Mothers & Students
647-515-8000 ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
100% removal of all pests written Guarantee
Sanket 647-339-3926
UNMARKED VEHICLE AVAILABLE
Email: aristopest@gmail.com www.aristopestcontrol.com

jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**


ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

**ਅਪਲਾਈ ਕਰਨ ਲਈ ਆਪ ਪਹੁੰਚੋ:**

110 Glidden Rd., Brampton 905-458-4733 (see Kamal)

# Dr. Randhawa Dentistry



*Your own dentist who really cares for you*

**We Provide the following Services:**
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**INVISALIGN & BRACES INCLUDING CLEAR BRACES**
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# ELECT
ETOBICOKE NORTH
CITY COUNCILLOR WARD 1

ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ ਨੂੰ ਪਹਿਲ ਦੇਵਾਗਾਂ

**I'm Advocating for :**
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure



"ETOBICOKE FIRST"

SHIRISH
# PATEL

Cell: 647-296-5681 voteforshirish.ca
Strong Voice. Strong Communities.

chatr MOBILE

NOW GET
~~4GB~~ 4.5GB DATA
ON OUR $40/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਹਲਚਲ ਮੱਚੀ ਪਈ ਪੰਥ ਦੇ ਪਿੰਡ ਅੰਦਰ,
ਕੋਈ ਨਾ ਜਾਣਦਾ, ਕਿੱਥੇ ਕੀ ਹੋਊਗਾ ਜੀ।
ਭਲਕੇ ਦੇਊਗਾ ਕਿਹੜਾ ਤਿਆਗ-ਪੱਤਰ,
ਬਾਗੀਆਂ ਮਗਰ ਉਹ ਜਾ ਖੜੋਊਗਾ ਜੀ।
ਪਤਾ ਲੱਗਾ ਜਦ ਬਾਦਲ ਦੇ ਆਉਣ ਬਾਰੇ,
ਕਿਹੜਾ ਵੇਖ ਕੇ ਬਾਰ ਪਿਆ ਢੋਊਗਾ ਜੀ।
ਜੋ ਸੀ ਪਿਆ ਅਣਗੌਲਿਆ ਅੱਜ ਤੀਕਰ,
ਰੋਕਿਆ ਚਿਰਾਂ ਦਾ ਰੋਣ ਵੀ ਰੋਊਗਾ ਜੀ।
ਬਾਦਲ ਬੋਲਦਾ ਅੱਜ ਪਿਆ ਨਰਮ ਬੋਲੀ,
ਰੁੱਸੇ ਹੋਇਆਂ ਨੂੰ ਪਿਆ ਪੁਚਕਾਰਦਾ ਈ।
ਕਾਕਾ ਹਾਲੇ ਸਥਿਤੀ ਨੂੰ ਸਮਝਦਾ ਨਹੀਂ,
ਹਵਾ ਵਿੱਚ ਤਲਵਾਰਾਂ ਉਹ ਮਾਰਦਾ ਈ।

ਤੀਸ ਮਾਰ ਖਾਂ

# ਐਨਡੀਪੀ ਨੂੰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਿਆ ਜਾ ਸਕਦਾ ਹੈ : ਜਗਮੀਤ ਸਿੰਘ

ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਇੱਕ ਸਾਲ ਪਹਿਲਾਂ ਐਨਡੀਪੀ ਦੀ ਲੀਡਰਸ਼ਿਪ ਦੇ ਨਤੀਜੇ ਐਲਾਨੇ ਜਾਣ ਸਮੇਂ ਜਗਮੀਤ ਸਿੰਘ ਨੂੰ ਟੋਰਾਂਟੋ ਦੇ ਇੱਕ ਹੋਟਲ ਵਿੱਚ ਖੁਸ਼ੀ ਵਿੱਚ ਖੀਵੇ ਸਮਰਥਕਾਂ ਵੱਲੋਂ ਚੁੱਕ ਕੇ ਹਵਾ ਵਿੱਚ ਉਛਾਲਿਆ ਗਿਆ ਸੀ। ਕੁਈਨਜ਼ ਪਾਰਕ ਦੇ ਸਿਆਸਤਦਾਨ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਸ਼ਖਸੀਅਤ, ਊਰਜਾ ਨਾਲ ਭਰਪੂਰ ਹਸਤੀ ਦੱਸਿਆ ਗਿਆ ਸੀ ਤੇ ਹੋਰ ਬਹੁਤ ਸਾਰੇ ਵਿਸ਼ੇਸ਼ਣਾ ਨਾਲ ਨਿਵਾਜਿਆ ਗਿਆ ਸੀ। ਇਹ ਵੀ ਆਖਿਆ ਗਿਆ ਸੀ ਕਿ ਇਸ ਤਰ੍ਹਾਂ ਦੀ ਊਰਜਾ ਦੀ ਪਾਰਟੀ ਦੇ ਫੈਡਰਲ ਵਿੰਗ ਨੂੰ ਕਾਫੀ ਲੋੜ ਸੀ। ਉਸ ਤੋਂ ਪਹਿਲਾਂ ਪਾਰਟੀ ਨੂੰ ਫੈਡਰਲ ਪੱਧਰ ਉੱਤੇ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਪਿਛਲੇ 365 ਦਿਨਾਂ ਵਿੱਚ ਕਾਫੀ ਕੁੱਝ ਬਦਲ ਗਿਆ ਹੈ।



ਭਾਵੇਂ ਜਗਮੀਤ ਸਿੰਘ ਐਨਡੀਪੀ ਆਗੂ ਤਾਂ ਬਣ ਚੁੱਕੇ ਹਨ ਪਰ ਉਨ੍ਹਾਂ ਕੋਲ ਪਾਰਲੀਆਮੈਂਟ ਹਿੱਲ ਉੱਤੇ ਆਪਣਾ ਆਫਿਸ ਤੱਕ ਨਹੀਂ ਹੈ। ਅਜਿਹਾ ਇਸ ਲਈ ਕਿਉਂਕਿ ਹਾਊਸ ਆਫ ਕਾਮਨਜ਼ ਵਿੱਚ ਉਨ੍ਹਾਂ ਕੋਲ ਕੋਈ ਸੀਟ ਨਹੀਂ ਹੈ। ਫਿਰ ਵੀ 39 ਸਾਲਾ ਇਹ ਸਿਆਸਤਦਾਨ ਬਾਹਰੋਂ ਪਹਿਲਾਂ ਵਾਂਗ ਹੀ ਮਜ਼ਬੂਤ ਲੱਗਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਨਿਊ ਡੈਮੋਕ੍ਰੈਟਸ ਨੂੰ ਉਸ ਦੀ ਲੀਡਰਸ਼ਿਪ ਨੂੰ ਲੈ ਕੇ ਕਾਫੀ ਚਿੰਤਾ ਹੈ, ਇਸ ਦੇ ਨਾਲ ਹੀ ਪਾਰਟੀ ਦੇ ਭਵਿੱਖ, ਨਿਰਾਸ਼ ਹੋ ਚੁੱਕੇ ਵਰਕਰਾਂ ਤੇ ਫੰਡਰੇਜ਼ਿੰਗ ਵਿੱਚ ਸੁਧਾਰ ਨਾ ਹੋਣ ਕਾਰਨ ਵੀ ਚਿੰਤਾ ਬਣੀ ਹੋਈ ਹੈ।

ਪਰ ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਕਦੇ ਵੀ ਆਸਾਨ ਰਸਤਾ ਨਹੀਂ ਚੁਣਿਆ। ਉਨ੍ਹਾਂ ਆਖਿਆ ਕਿ ਹਕੀਕਤ ਇਹ ਹੈ ਕਿ ਉਨ੍ਹਾਂ ਕੋਲ ਕੋਈ ਹੋਰ ਰਾਹੀ ਹੀ ਨਹੀਂ ਸੀ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਕਈ ਚੁਣੌਤੀਆਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ ਪਰ ਉਹ ਇਨ੍ਹਾਂ ਸਾਰੀਆਂ ਦਿੱਕਤਾਂ ਤੋਂ ਪਾਰ ਪਾਉਣ ਦਾ ਰਾਹ ਲੱਭ ਰਹੇ ਹਨ। ਪਾਰਟੀ ਦੀ ਫੰਡਰੇਜ਼ਿੰਗ ਵਿੱਚ ਆਈ ਗਿਰਾਵਟ ਬਾਰੇ ਉਨ੍ਹਾਂ ਆਖਿਆ ਕਿ ਉਹ ਇਸ ਰਾਰੇ ਚਿੰਤਤ ਨਹੀਂ ਹਨ ਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਸਾਰੀਆਂ ਗੱਲਾਂ ਸਹੀ ਦਿਸ਼ਾ ਵੱਲ ਅੱਗੇ ਵੱਧ ਰਹੀਆਂ ਹਨ।

# 14 ਮਹੀਨਿਆਂ ਮਗਰੋਂ ਕੈਨੇਡਾ-ਅਮਰੀਕਾ ਤੇ ਮੈਕਸਿਕੋ ਵਿਚਾਲੇ ਤਿੱਪਖੀ ਡੀਲ ਸਿਰੇ ਚੜ੍ਹੀ

.....ਪੰਨਾ 1 ਦਾ ਬਾਕੀ

ਇੱਕ ਉੱਚ ਪੱਧਰੀ ਅਮਰੀਕੀ ਸਰੋਤ ਅਨੁਸਾਰ ਇਹ ਡੀਲ ਐਤਵਾਰ ਰਾਤੀਂ 9:30 ਵਜੇ ਫਾਈਨਲ ਹੋਈ ਪਰ ਅਜੇ ਵੀ ਇਸ ਨੂੰ ਆਖਰੀ ਰੰਗ ਰੂਪ ਦੇਣਾ ਬਾਕੀ ਹੈ। ਅਜੇ ਇਸ ਵਿੱਚ ਜੇਤੂ ਤੇ ਹਾਰਨ ਵਾਲੀ ਟੀਮ ਨਿਰਧਾਰਤ ਹੋਣੀ ਵੀ ਬਾਕੀ ਹੈ। ਪਰ ਐਤਵਾਰ ਰਾਤ ਨੂੰ ਤਿੰਨਾਂ ਦੇਸ਼ਾਂ ਵੱਲੋਂ ਇਸ ਡੀਲ ਨੂੰ ਖੁਦ ਲਈ ਵਧੀਆ ਦੱਸਿਆ ਗਿਆ। ਇਸ ਡੀਲ ਦੀ ਜਾਣਕਾਰੀ ਰੱਖਣ ਵਾਲੇ ਇੱਕ ਸੀਨੀਅਰ ਕੈਨੇਡੀਅਨ ਅਧਿਕਾਰੀ ਨੇ ਦੱਸਿਆ ਕਿ ਚੈਪਟਰ 19, ਜਿਸ ਤਹਿਤ ਵਿਵਾਦ ਨੂੰ ਸੁਲਝਾਉਣ ਦੇ ਮੈਕੇਨਿਜ਼ਮ, ਨੂੰ ਛੇੜਿਆ ਨਹੀਂ ਗਿਆ, ਕੈਨੇਡਾ ਨੂੰ ਕਲਚਰਲ ਛੋਟ ਵੀ ਦਿੱਤੀ ਜਾਵੇਗੀ, ਇਸ ਤੋਂ ਇਲਾਵਾ ਕੈਨੇਡਾ ਦੇ ਸਪਲਾਈ ਮੈਨੇਜਡ ਡੇਅਰੀ ਸੈਕਟਰ ਵਿੱਚ ਵੀ ਛੋਟ ਦਿੱਤੀ ਜਾਵੇਗੀ। ਹਾਲਾਂਕਿ ਸੀਨੀਅਰ ਅਮਰੀਕੀ ਪ੍ਰਸ਼ਾਸਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਵੱਲੋਂ ਡੇਅਰੀ ਵਿੱਚ ਦਿੱਤੀ ਜਾਣ ਵਾਲੀ ਛੋਟ ਅਮਰੀਕੀ ਕਿਸਾਨਾਂ ਲਈ ਵੱਡੀ ਜਿੱਤ ਹੈ। ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਆਟੋ ਟੈਰਿਫ ਲਾਏ ਜਾਣ ਦੀ ਧਮਕੀ ਦਿੱਤੇ ਜਾਣ ਦੇ ਮਾਮਲੇ ਵਿੱਚ ਪੁੱਛੇ ਸਵਾਲ ਦੇ ਜਵਾਬ ਵਿੱਚ ਇੱਕ ਕੈਨੇਡੀਅਨ ਸੂਤਰ ਨੇ ਆਖਿਆ ਕਿ ਆਟੋਜ਼ ਦੇ ਮਾਮਲੇ ਵਿੱਚ ਛੋਟ ਦਿੱਤੀ ਜਾਵੇਗੀ ਪਰ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਸਟੀਲ ਤੇ ਐਲੂਮੀਨੀਅਮ ਉੱਤੇ ਮੌਜੂਦਾ ਟੈਰਿਫਜ਼ ਦਾ ਕੀ ਬਣੇਗਾ।

# ਕੈਨੇਡਾ, ਅਮਰੀਕਾ ਤੇ ਮੈਕਸਿਕੋ ਵਿਚਾਲੇ ਹੋਈ ਤਿੱਪਖੀ ਡੀਲ ਨੂੰ ਟਰੂਡੋ ਤੇ ਫਰੀਲੈਂਡ ਨੇ ਦੱਸਿਆ ਆਪਣੀ ਜਿੱਤ



ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੈਨੇਡਾ, ਅਮਰੀਕਾ ਤੇ ਮੈਕਸਿਕੋ ਵਿਚਾਲੇ ਹੋਈ ਇਤਿਹਾਸਕ ਨਵੀਂ ਉਸਮਕਾ ਟਰੇਡ ਡੀਲ ਨੂੰ ਤਿੰਨਾਂ ਦੇਸ਼ਾਂ ਲਈ ਫਾਇਦੇਮੰਦ ਦੱਸਿਆ ਜਾ ਰਿਹਾ ਹੈ। ਸਰਕਾਰ ਇਹ ਵੀ ਆਖ ਰਹੀ ਹੈ ਕਿ ਨਵੀਂ ਡੀਲ ਅਸਲ ਵਿੱਚ ਨਾਫਟਾ ਡੀਲ ਦੇ ਕਈ ਪੱਖਾਂ ਨੂੰ ਸਹੇਜ ਕੇ ਰੱਖੇਗੀ। ਇਸ ਦੇ ਨਾਲ ਹੀ ਸਮੇਂ ਦੇ ਹਿਸਾਬ ਨਾਲ ਟਰੇਡ ਸਬੰਧਾਂ ਨੂੰ ਵੀ ਸਥਿਰ ਤੇ ਆਧੁਨਿਕ ਰੂਪ ਦੇਵੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਹ ਬਿਆਨ ਦਿੱਤੇ ਜਾਣ ਸਮੇਂ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਵੀ ਉਨ੍ਹਾਂ ਦੇ ਕੋਲ ਹੀ ਮੌਜੂਦ ਸੀ। ਨਾਫਟਾ ਸਬੰਧੀ ਚੱਲੀ ਸਾਰੀ ਗੱਲਬਾਤ ਦੌਰਾਨ ਕੈਨੇਡੀਅਨ ਵਾਰਤਾਕਾਰਾਂ ਦੀ ਅਗਵਾਈ ਫਰੀਲੈਂਡ ਵੱਲੋਂ ਹੀ ਕੀਤੀ ਗਈ। ਇਸ ਨਵੀਂ ਡੀਲ ਤਹਿਤ ਤਿੰਨਾਂ ਮੁਲਕਾਂ ਵੱਲੋਂ ਵੱਖ ਵੱਖ ਤਰ੍ਹਾਂ ਦੀ ਛੋਟ ਤੇ ਟਰੇਡ ਨਿਯਮਾਂ ਵਿੱਚ ਵੀ ਕਈ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ। ਸੋਮਵਾਰ ਨੂੰ ਟਰੂਡੋ ਨੇ ਆਖਿਆ ਕਿ ਡੇਢ ਸਾਲ ਪਹਿਲਾਂ ਅਜੇ ਨਾਫਟਾ ਦੀ ਹੋਣੀ ਨੂੰ ਲੈ ਕੇ ਸਵਾਲ ਉੱਠ ਰਹੇ ਸਨ। ਸਾਨੂੰ ਇਹ ਪੁੱਛਿਆ ਜਾ ਰਿਹਾ ਸੀ ਕਿ ਸਾਡੀ ਪ੍ਰਤੀਕਿਰਿਆ ਕਿਹੋ ਜਿਹੀ ਹੋਵੇਗੀ। ਉਨ੍ਹਾਂ ਆਖਿਆ ਕਿ ਉਸ ਸਮੇਂ ਉਨ੍ਹਾਂ ਦਾ ਜਵਾਬ ਇਹ ਸੀ ਕਿ ਅਸੀਂ ਉਹੋ ਜਿਹੀ ਹੀ ਪ੍ਰਤੀਕਿਰਿਆ ਪ੍ਰਗਟਾਵਾਂਗੇ ਜਿਹੋ ਜਿਹੀ ਕੈਨੇਡਾ ਔਖੇ ਵੇਲਿਆਂ ਵਿੱਚ ਪ੍ਰਗਟਾਉਂਦਾ ਰਿਹਾ ਹੈ। ਅਸੀਂ ਸੋਚ ਨੂੰ ਉਸਾਰੂ ਰੱਖਾਂਗੇ ਤੇ ਦ੍ਰਿੜ ਤਰੀਕੇ ਨਾਲ ਗੱਲਬਾਤ ਕਰਾਂਗੇ। ਅਸੀਂ ਆਪਣੇ ਹਿਤਾਂ ਦੀ ਰਾਖੀ ਕਰਾਂਗੇ ਤੇ ਆਪਣੀਆਂ ਕਦਰਾਂ ਕੀਮਤਾਂ ਦਰਸਾਵਾਂਗੇ। ਅਸੀਂ ਲਚੀਲੇ ਵੀ ਰਹਾਂਗੇ ਤੇ ਇੱਕਜੁੱਟ ਵੀ ਰਹਾਂਗੇ। ਟਰੂਡੋ ਨੇ ਆਖਿਆ ਕਿ ਅਸੀਂ ਇਹੋ ਕੁੱਝ ਕੀਤਾ ਵੀ ਹੈ। ਇਸ ਨਵੀਂ ਡੀਲ ਨੂੰ ਯੂਨਾਈਟਿਡ ਸਟੇਟਸ-ਮੈਕਸਿਕੋ-ਕੈਨੇਡਾ ਅਗਰੀਮੈਂਟ ਦਾ ਨਾਂ ਦਿੱਤਾ ਗਿਆ ਹੈ। ਕੈਨੇਡਾ ਲਈ ਇਸ ਡੀਲ ਉੱਤੇ ਸਹੀ ਪਾਉਣ ਦੀ ਸਮਾਂ ਸੀਮਾਂ ਖੁੱਸਣ ਹੀ ਵਾਲੀ ਸੀ ਜਦੋਂ ਇਹ ਡੀਲ ਸਿਰੇ ਚੜ੍ਹੀ। ਇਸ ਤੋਂ ਪਹਿਲਾਂ ਮੈਕਸਿਕੋ ਤੇ ਅਮਰੀਕਾ ਦੁਵੱਲੀ ਡੀਲ ਕਰ ਚੁੱਕੇ ਸਨ ਤੇ ਜੇ ਮਿਥੀ ਹੋਈ ਸਮਾਂ ਸੀਮਾ ਵਿੱਚ ਕੈਨੇਡਾ ਵੀ ਉਨ੍ਹਾਂ ਨਾਲ ਸ਼ਾਮਲ ਨਾ ਹੁੰਦਾ ਤਾਂ ਉਨ੍ਹਾਂ ਇੱਕਲਿਆਂ ਹੀ ਇਸ ਡੀਲ ਨਾਲ ਅੱਗੇ ਵੱਧ ਜਾਣਾ ਸੀ।

# ਅਣਗੌਲੀਆਂ ਗਈਆਂ ਇੰਡਸਟਰੀਜ਼ ਨੂੰ ਮੁਆਵਜ਼ਾ ਦਿਵਾਉਣ ਲਈ ਫੈਡਰਲ ਸਰਕਾਰ 'ਤੇ ਦਬਾਅ ਪਾਵਾਂਗੇ : ਫੋਰਡ

.....ਪੰਨਾ 1 ਦਾ ਬਾਕੀ

ਇਹ ਗੱਲ ਕਰਦਿਆਂ ਗੁੱਸੇ ਵਿੱਚ ਨਜ਼ਰ ਆ ਰਹੇ ਫੋਰਡ ਨੇ ਟਰੂਡੋ ਸਰਕਾਰ ਉੱਤੇ ਡੇਅਰੀ ਸੈਕਟਰ ਨੂੰ ਕੁਰਬਾਨ ਕਰਨ ਦਾ ਦੋਸ਼ ਵੀ ਲਾਇਆ। ਸੋਮਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਫੋਰਡ ਨੇ ਆਖਿਆ ਕਿ ਅਸੀਂ ਕਿਸਾਨਾਂ ਨੂੰ ਲੈ ਕੇ ਕਾਫੀ ਚਿੰਤਤ ਹਾਂ, ਸਪਲਾਈ ਮੈਨੇਜਮੈਂਟ ਲਈ ਫਿਕਰਮੰਦ ਹਾਂ। ਸਾਨੂੰ ਇਹ ਨਹੀਂ ਜਚਿਆ ਕਿ ਫੈਡਰਲ ਸਰਕਾਰ ਵੱਲੋਂ ਇੱਕ ਵਾਰੀ ਵੀ ਡੀਲ ਕਰਦੇ ਸਮੇਂ ਇਨ੍ਹਾਂ ਬਾਰੇ ਨਹੀਂ ਸੋਚਿਆ ਗਿਆ।

14 ਮਹੀਨਿਆਂ ਦੀ ਗੱਲਬਾਤ ਤੋਂ ਬਾਅਦ ਨਾਫਟਾ ਦੀ ਥਾਂ ਨਵੀਂ ਡੀਲ ਉਸਮਕਾ ਹੋਂਦ ਵਿੱਚ ਆਈ ਹੈ। ਇਸ ਬਾਰੇ ਐਤਵਾਰ ਰਾਤ ਨੂੰ ਐਲਾਨ ਕੀਤਾ ਗਿਆ। ਇਸ ਨੇ 25 ਸਾਲ ਪੁਰਾਣੀ ਨਾਫਟਾ ਡੀਲ ਦੀ ਥਾਂ ਲੈ ਲਈ। ਟਰੇਡ ਟਾਕਸ ਦਰਮਿਆਨ ਫੋਰਡ ਵਾਰੀ ਵਾਰੀ ਇਹ ਗੱਲ ਆਖਦੇ ਰਹੇ ਕਿ ਉਨ੍ਹਾਂ ਦੀ ਸਰਕਾਰ ਟਰੂਡੋ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਪਰ ਹੁਣ ਜਦੋਂ ਡੀਲ ਸਿਰੇ ਚੜ੍ਹ ਗਈ ਹੈ ਤਾਂ ਫੋਰਡ ਨੇ ਫੈਡਰਲ ਸਰਕਾਰ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ ਹੈ।

ਐਨਡੀਪੀ ਆਗੂ ਐਂਡਰੀਆ ਹੌਰਵਥ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਫੋਰਡ ਨੇ ਆਖਿਆ ਕਿ ਅਸੀਂ ਗੱਲਬਾਤ ਲਈ ਉੱਥੇ ਮੌਜੂਦ ਨਹੀਂ ਸੀ, ਜਾਂ ਇਹ ਡੀਲ ਇਸ ਨਾਲੋਂ ਥੋੜ੍ਹੀ ਵੱਖਰੀ ਹੋ ਸਕਦੀ ਸੀ। ਪਰ ਹੁਣ ਜੋ ਹੈ ਉਹ ਸੱਭ ਦੇ ਸਾਹਮਣੇ ਹੈ। ਪ੍ਰਸ਼ਨ ਕਾਲ ਦੌਰਾਨ ਫੋਰਡ ਦਾ ਸੁਰ ਥੋੜ੍ਹਾ ਵੱਖਰਾ ਸੀ ਕਿਉਂਕਿ ਉਸ ਤੋਂ ਪਹਿਲਾਂ ਸੋਮਵਾਰ ਨੂੰ ਹੀ ਦਿੱਤੇ ਬਿਆਨ ਵਿੱਚ ਫੋਰਡ ਸਕਾਰਾਤਮਕ ਰੌਂਅ ਪ੍ਰਗਟਾਅ ਚੁੱਕੇ ਸਨ। ਇੱਕ ਬਿਆਨ ਵਿੱਚ ਫੋਰਡ ਨੇ ਆਖਿਆ ਕਿ ਅੱਜ ਐਲਾਨੀ ਗਈ ਉਸਮਕਾ ਡੀਲ ਕਈ ਮੌਕਿਆਂ ਲਈ ਰਾਹ ਖੋਲ੍ਹੇਗੀ ਪਰ ਕੈਨੇਡਾ ਵੱਲੋਂ ਦਿੱਤੀਆਂ ਜਾਣ ਵਾਲੀਆਂ ਛੋਟਾਂ ਦਾ ਕੀ ਅਸਰ ਹੋਵੇਗਾ ਇਸ ਨੂੰ ਲੈ ਕੇ ਚਿੰਤਾ ਵੀ ਬਣੀ ਹੋਈ ਹੈ।

# ਜ਼ਖਮੀ ਹੋਏ ਲੇਖਕ ਸੁਰਜੀਤ ਗੱਗ ਵਿਰੁੱਧ ਸਿੱਖ ਜਥੇਬੰਦੀਆਂ ਵੱਲੋਂ ਸ਼ਿਕਾਇਤ ਦਰਜ

ਸ੍ਰੀ ਆਨੰਦਪੁਰ ਸਾਹਿਬ, 1 ਅਕਤੂਬਰ, (ਪੋਸਟ ਬਿਊਰੋ)- ਸਿੱਖ ਜਥੇਬੰਦੀਆਂ ਨੇ ਡੀ ਐੱਸ ਪੀ ਰਮਿੰਦਰ ਸਿੰਘ ਕਾਹਲੋਂ ਨੂੰ ਮਿਲ ਕੇ ਅੱਜ ਪੰਜਾਬੀ ਕਵੀ ਸੁਰਜੀਤ ਗੱਗ ਉੱਤੇ ਮਾਹੌਲ ਖ਼ਰਾਬ ਕਰਨ ਦੀਆਂ ਕੋਸ਼ਿਸ਼ਾਂ ਦਾ ਦੋਸ਼ ਲਾਇਆ ਹੈ। ਇਸ ਦੇ ਬਾਅਦ ਸੁਰਜੀਤ ਗੱਗ ਦੇ ਖ਼ਿਲਾਫ਼ ਥਾਣਾ ਆਨੰਦਪੁਰ ਸਾਹਿਬ ਵਿਖੇ ਕੇਸ ਦਰਜ ਹੋ ਗਿਆ ਹੈ। ਉਂਜ ਇਸ ਤੋਂ ਪਹਿਲਾਂ ਸੁਰਜੀਤ ਗੱਗ ਉੱਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ ਵੀ ਪੁਲੀਸ ਨੇ ਕੇਸ ਦਰਜ ਕੀਤਾ ਹੋਇਆ ਹੈ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦਲਜੀਤ ਸਿੰਘ ਭਿੰਡਰ ਅਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਅੱਜ ਏਥੇ ਕਿਹਾ ਕਿ ਪਿਛਲੇ ਕਾਫ਼ੀ ਸਮੇਂ ਤੋਂ ਕਵੀ ਸੁਰਜੀਤ ਗੱਗ ਸਿੱਖ ਧਰਮ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰਨਾਂ ਧਰਮਾਂ ਦੇ ਖ਼ਿਲਾਫ਼ ਆਪਣੀਆਂ ਕਵਿਤਾਵਾਂ ਲਿਖ ਕੇ ਫੇਸਬੁਕ ਅਤੇ ਹੋਰ ਸੋਸ਼ਲ ਸਾਈਟਾਂ 'ਤੇ ਕੂੜ ਪ੍ਰਚਾਰ ਕਰ ਰਿਹਾ ਹੈ, ਇਸ ਕਾਰਨ ਸਿੱਖ ਭਾਈਚਾਰੇ ਵਿਚ ਰੋਸ ਹੈ। ਇਨ੍ਹਾਂ ਨੇ ਪੁਲੀਸ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਕਾਰਵਾਈ ਕੀਤੀ ਜਾਵੇ। ਇਸ ਸਬੰਧ ਵਿੱਚ ਡੀ ਐੱਸ ਪੀ ਰਮਿੰਦਰ ਸਿੰਘ ਕਾਹਲੋਂ ਨੇ ਕਿਹਾ ਕਿ ਮਾਹੌਲ ਖ਼ਰਾਬ ਕਰਨ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਦੀ ਗੱਗ ਦੇ ਖ਼ਿਲਾਫ਼ ਸ਼ਿਕਾਇਤ ਉੱਤੇ ਯੋਗ ਕਾਰਵਾਈ ਕੀਤੀ ਜਾਵੇਗੀ। ਇਸ ਦੇ ਬਾਅਦ ਸੁਰਜੀਤ ਗੱਗ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ।

ਦੂਸਰੇ ਪਾਸੇ ਸੁਰਜੀਤ ਗੱਗ ਦੀ ਕੁੱਟਮਾਰ ਕਰਨ ਵਾਲਿਆਂ ਵਿਰੁੱਧ ਵੀ ਪੁਲੀਸ ਨੇ ਕੇਸ ਦਰਜ ਕੀਤਾ ਹੈ। ਪੁਲੀਸ ਨੇ ਯਾਦਵ ਸਿੰਘ ਯਾਦੀ ਪਿੰਡ ਝਿੰਜੜੀ ਤੇ ਇਕ ਅਣਪਛਾਤੇ ਵਿਅਕਤੀ ਦੇ ਖ਼ਿਲਾਫ਼ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸਿਵਲ ਹਸਪਤਾਲ ਵਿਚ ਦਾਖਲ ਸੁਰਜੀਤ ਗੱਗ ਨੇ ਪੰਜਾਬ ਸਰਕਾਰ ਤੋਂ ਸੁਰੱਖਿਆ ਦੀ ਮੰਗ ਕੀਤੀ ਹੈ। ਉਸ ਨੇ ਕਿਹਾ ਕਿ ਉਹ ਪਹਿਲਾਂ ਵੀ ਸਥਾਨਕ ਪੁਲੀਸ ਨੂੰ ਸ਼ਿਕਾਇਤ ਦੇ ਚੁੱਕਾ ਹੈ, ਪਰ ਕਾਰਵਾਈ ਨਹੀਂ ਹੋਈ। ਗੱਗ ਨੇ ਕਿਹਾ ਕਿ ਉਸ ਦੀਆਂ ਲਿਖਤਾਂ ਤੇ ਕਵਿਤਾਵਾਂ ਨੂੰ ਸਿੱਖ ਧਰਮ ਦੇ ਲੋਕਾਂ ਨੇ ਪੜ੍ਹਿਆ ਅਤੇ ਸਲਾਹਿਆ ਹੈ, ਪਰ ਕੁਝ ਕੱਟੜਪੰਥੀਆਂ ਨੇ ਉਸ ਦੀਆਂ ਲਿਖਤਾਂ ਨੂੰ ਨਿੰਦਿਆ ਤੇ ਜਾਨਲੇਵਾ ਹਮਲੇ ਕੀਤੇ ਹਨ, ਇਸ ਲਈ ਉਸ ਨੂੰ ਸੁਰੱਖਿਆ ਚਾਹੀਦੀ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ
ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20,
Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
● ਲਿਵਰ ਸਰੋਇਸਿਸ ਫੈਟੀ ਲਿਵਰ ਹੈਪਾਟਾਇਟਸ A, B &C ਪੀਲੀਆ
● ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
● ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ, ਮਹਾਵਾਰੀ ਤੇ ਔਰਤਾਂ ਦੀਆਂ ਯੁਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ ਤੇ ਬਾਇਪਾਸ
● ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
● ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
● ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

# ਅਕਾਲੀ ਦਲ ਵਿੱਚ ਬਗ਼ਾਵਤੀ ਸੁਰਾਂ ਕਾਰਨ ਬਾਦਲ ਪਰਿਵਾਰ ’ਤੇ ਸੰਕਟ ਦੇ ਬੱਦਲ ਕਾਇਮ

*** ਢੀਂਡਸੇ ਨਾਲ ਬਾਦਲ ਦੀ ਮੁਲਾਕਾਤ ਵੀ ਨਹੀਂ ਹੋ ਰਹੀ**





ਚੰਡੀਗੜ੍ਹ, 1 ਅਕਤੂਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਅੰਦਰੋਂ ਬਗ਼ਾਵਤੀ ਸੁਰਾਂ ਉੱਠਣ ਨਾਲ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਲਈ ਚੁਣੌਤੀ ਦਾ ਸਮਾਂ ਬਣਦਾ ਜਾਂਦਾ ਹੈ। ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਵੱਲੋਂ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦੇਣ ਪਿੱਛੋਂ ਅਕਾਲੀ ਦਲ ਨੇ ਸਾਖ਼ ਬਚਾਉਣ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ, ਪਰ ਪਾਰਟੀ ਅੰਦਰਲੇ ਆਗੂ ਦੱਬਵੀਂ ਸੁਰ ਵਿੱਚ ਪ੍ਰਧਾਨ ਸੁਖਬੀਰ ਸਿੰਘ ਦੇ ਨਾਲ ਬਿਕਰਮ ਸਿੰਘ ਮਜੀਠੀਆ ਦੇ ਵਿਹਾਰ ਉੱਤੇ ਲਗਾਤਾਰ ਕਿੰਤੂ ਕਰੀ ਜਾ ਰਹੇ ਹਨ। ਇਸ ਬਾਰੇ ਦੋਵੇਂ ਬਾਦਲਾਂ ਸਮੇਤ ਪਾਰਟੀ ਦੇ ਸੀਨੀਅਰ ਆਗੂ ਬਹੁਤਾ ਕਰ ਕੇ ਚੁੱਪ ਰਹਿਣ ਦੀ ਨੀਤੀ ਅਪਣਾ ਰਹੇ ਹਨ।

ਜਾਣਕਾਰ ਸੂਤਰਾਂ ਮੁਤਾਬਕ ਵੱਡੇ ਬਾਦਲ ਨੇ ਮਾਝੇ ਦੇ ਸੀਨੀਅਰ ਆਗੂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਖ਼ੁਦ ਗੱਲ ਕਰ ਕੇ ਪਾਰਟੀ ਤੋਂ ਪਾਸੇ ਨਾ ਜਾਣ ਨੂੰ ਕਿਹਾ ਸੀ। ਪਾਰਟੀ ਹਲਕਿਆਂ ਮੁਤਾ-ਬਕ ਸਾਬਕਾ ਮੁੱਖ ਮੰਤਰੀ ਦੀ ਇਸ ‘ਬੇਨਤੀ’ ਨਾਲ ਮਾਝੇ ਦੇ ਆਗੂਆਂ ਦੀਆਂ ਸੁਰਾਂ ਕੁਝ ਮੱਠੀਆਂ ਪਈਆਂ ਹਨ, ਪਰ ਇਹ ਸਾਰੇ ਸੀਨੀਅਰ ਨੇਤਾ 7 ਅਕਤੂਬਰ ਦੀ ਪਟਿਆਲਾ ਰੈਲੀ ਤੋਂ ਪਿੱਛੋਂ ਚੁੱਪ ਤੋੜਨਗੇ। ਉਂਜ ਇਸ ਦੌਰਾਨ ਵੱਡੇ ਬਾਦਲ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਮਿਲਣ ਜਾਂ ਕਿਸੇ ਹੋਰ ਤਰੀਕੇ ਸੰਪਰਕ ਕਰਨ ਦੇ ਕਈ ਯਤਨ ਕੀਤੇ ਹਨ, ਪਰ ਪਾਰਟੀ ਅਹੁਦਿਆਂ ਤੋਂ ਅਸਤੀਫਾ ਦੇ ਚੁੱਕੇ ਢੀਂਡਸਾ ਨੇ ਵੱਡੇ ਬਾਦਲ ਸਮੇਤ ਕਿਸੇ ਵੀ ਅਕਾਲੀ ਨੇਤਾ ਨਾਲ ਗੱਲ ਨਹੀਂ ਕੀਤੀ। ਇਸ ਤੋਂ ਪਹਿਲਾਂ ਪਾਰਟੀ ਵਿੱਚ ਜਦੋਂ ਕਦੇ ਪ੍ਰਕਾਸ਼ ਸਿੰਘ ਬਾਦਲ ’ਤੇ ਸਿਆਸੀ ਸੰਕਟ ਆਇਆ ਤਾਂ ਸੁਖਦੇਵ ਸਿੰਘ ਢੀਂਡਸਾ ਹੀ ਬਾਦਲ ਦੇ ਪੱਖ ਵਿੱਚ ਖੜੋਂਦੇ ਸਨ ਤੇ ਇਸ ਵਾਰੀ ਉਨ੍ਹਾਂ ਸਭ ਤੋਂ ਪਹਿਲਾਂ ਅਸਤੀਫਾ ਦੇ ਦਿੱਤਾ ਹੈ। ਪਾਰਟੀ ਆਗੂ ਦੱਸਦੇ ਹਨ ਕਿ ਢੀਂਡਸਾ ਆਪਣਾ ਅਸਤੀਫਾ ਵਾਪਸ ਲੈਣ ਦੇ ਮੂਡ ਵਿੱਚ ਨਹੀਂ ਹਨ। ਇਸ ਦੌਰਾਨ ਅਕਾਲੀ ਦਲ ਨੇ ਸੁਖਦੇਵ ਸਿੰਘ ਢੀਂਡਸਾ ਦੇ ਪੁੱਤਰ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਨੂੰ ਆਸਟਰੇਲੀਆ ਦੌਰੇ ਤੋਂ ਵਾਪਸ ਸੱਦ ਲਿਆ ਹੈ।

ਦੂਸਰੇ ਪਾਸੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਬਦਲਣ ਦੀ ਮੰਗ ਵੀ ਅਕਾਲੀ ਦਲ ਵਿੱਚੋਂ ਉੱਠ ਪਈ ਹੈ। ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਵੀ ਨਵੰਬਰ ਵਿੱਚ ਹੋਣੀ ਹੈ। ਇਨ੍ਹਾਂ ਦੋਵਾਂ ਥਾਂਵਾਂ ਉੱਤੇ ਬਾਦਲ ਪਰਵਾਰ ਦੀ ਮਰਜ਼ੀ ਚੱਲਣ ਦੇ ਆਸਾਰ ਘਟੀ ਜਾਂਦੇ ਹਨ। ਵਿਧਾਨ ਸਭਾ ਚੋਣਾਂ ਵਿੱਚ ਨਮੋਸ਼ੀ ਵਾਲੀ ਹਾਰ ਪਿੱਛੋਂ ਅਕਾਲੀ ਨੇਤਾਵਾਂ ਨੇ ਮੀਟਿੰਗਾਂ ਵਿੱਚ ਕੌੜ ਕੱਢੀ ਸੀ, ਪਰ ਖੁੱਲ੍ਹੀ ਬਗ਼ਾਵਤ ਦੇ ਲੱਛਣ ਢੀਂਡਸਾ ਦੇ ਅਸਤੀਫੇ ਨਾਲ ਹੀ ਨਜ਼ਰ ਆਏ ਹਨ।

ਇਸ ਦੌਰਾਨ ਸੁਖਦੇਵ ਸਿੰਘ ਢੀਂਡਸਾ ਨੇ ਤਾਜ਼ਾ ਵਿਵਾਦ ਜਾਂ ਆਪਣੇ ਅਸਤੀਫੇ ਬਾਰੇ ਕੋਈ ਟਿੱਪਣੀ ਕਰਨ ਤੋਂ ਨਾਂਹ ਕਰ ਕੇ ਸਿਰਫ ਏਨਾ ਕਿਹਾ ਕਿ ਉਹ ਲੋੜ ਪੈਣ ਉੱਤੇ ਮੀਡੀਆ ਅੱਗੇ ਆਪਣੀ ਗੱਲ ਰੱਖਣਗੇ। ਓਧਰ ਮਾਝੇ ਦੇ ਵੱਡੇ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਹੈ ਕਿ ਸੀਨੀਅਰ ਆਗੂਆਂ ਨੂੰ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੀ ਕਾਰਜ ਸ਼ੈਲੀ ਉੱਤੇ ਇਤਰਾਜ਼ ਹੈ। ਬ੍ਰਹਮਪੁਰਾ ਨੇ ਕਿਹਾ ਕਿ ਪਾਰਟੀ ਵਿੱਚ ਵਰਕਰ ਤੇ ਲੀਡਰ ਨਿਰਾਸ਼ ਵਿੱਚ ਹਨ।

## ਬੇਅਦਬੀ ਕਾਂਡ ਵਿੱਚ ਪੁਲੀਸ ਨੇ ਸੱਚਾ ਸੌਦਾ ਡੇਰੇ ਵਾਲੇ ਤਿੰਨ ਪ੍ਰੇਮੀ ਬਾਕਾਇਦਾ ਗ੍ਰਿਫ਼ਤਾਰ ਕੀਤੇ

ਫ਼ਰੀਦਕੋਟ, 1 ਅਕਤੂਬਰ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਸਥਾਨਕ ਆਗੂ ਮਹਿੰਦਰਪਾਲ ਬਿੱਟੂ ਸਮੇਤ ਤਿੰਨ ਜਣਿਆਂ ਨੂੰ ਜ਼ਿਲ੍ਹਾ ਪੁਲੀਸ ਫਰੀਦਕੋਟ ਨੇ ਬੇਅਦਬੀ ਕਾਂਡ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਅੱਜ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਇਹ ਡੇਰਾ ਪ੍ਰੇਮੀ ਸਥਾਨਕ ਮੈਜਿਸਟਰੇਟ ਏਕਤਾ ਉੱਪਲ ਦੀ ਅਦਾਲਤ ਵਿੱਚ ਪੇਸ਼ ਕੀਤੇ ਗਏ ਤਾਂ ਅਦਾਲਤ ਨੇ ਇਨ੍ਹਾਂ ਨੂੰ 4 ਅਕਤੂਬਰ ਤੱਕ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਕੋਟਕਪੂਰਾ ਸਿਟੀ ਪੁਲੀਸ ਨੇ ਏ ਐੱਸ ਆਈ ਪ੍ਰੀਤਮ ਸਿੰਘ ਦੀ ਸ਼ਿਕਾਇਤ ਉੱਤੇ 13 ਜੂਨ 2018 ਨੂੰ ਮਹਿੰਦਰਪਾਲ ਬਿੱਟੂ ਦੇ ਖ਼ਿਲਾਫ਼ ਕੇਸ ਦਰਜ ਕਰਕੇ ਦੋਸ਼ ਲਾਇਆ ਸੀ ਕਿ ਉਸ ਨੇ ਆਪਣੇ ਘਰ ਇਤਰਾਜ਼ ਯੋਗ ਥਾਂ ਉੱਤੇ ਸ੍ਰੀ ਗੁਰੂ ਨਾਨਕ ਦੇਵ ਦੀ ਸਾਖੀ ਰੱਖੀ ਹੋਈ ਸੀ। ਪੁਲੀਸ ਨੇ ਅਦਾਲਤ ਵਿੱਚ ਕਿਹਾ ਕਿ ਉਹ ਇਸ ਕੇਸ ਦੀ ਤਹਿ ਤੱਕ ਜਾਣ ਲਈ ਮਹਿੰਦਰਪਾਲ ਬਿੱਟੂ, ਸੁਖਜਿੰਦਰ ਸਿੰਘ ਅਤੇ ਸ਼ਕਤੀ ਸਿੰਘ ਨੂੰ ਰਿਮਾਂਡ ’ਤੇ ਲੈਣਾ ਚਾਹੁੰਦੀ ਹੈ। ਦੂਜੇ ਪਾਸੇ ਦੋਸ਼ੀਆਂ ਦੇ ਵਕੀਲ ਵਿਨੋਦ ਕੁਮਾਰ ਮੋਂਗਾ ਨੇ ਅਦਾਲਤ ਨੂੰ ਕਿਹਾ ਕਿ ਪੁਲੀਸ ਨੇ ਤਿੰਨ ਮਹੀਨੇ ਪਹਿਲਾਂ ਦਰਜ ਕੀਤੇ ਕੇਸ ਵਿੱਚ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਅਤੇ ਅੱਜ ਅਚਾਨਕ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਪੁਲੀਸ ਸਾਜ਼ਿਸ਼ ਤਹਿਤ ਇਨ੍ਹਾਂ ਵਿਅਕਤੀਆਂ ਨੂੰ ਝੂਠੇ ਕੇਸਾਂ ਵਿੱਚ ਫਸਾ ਰਹੀ ਹੈ।

ਅਦਾਲਤ ਨੇ ਸਮੁੱਚੇ ਕੇਸ ਦੀ ਪੜਤਾਲ ਲਈ ਮਹਿੰਦਰਪਾਲ ਸਿੰਘ ਬਿੱਟੂ, ਸੁਖਜਿੰਦਰ ਸਿੰਘ ਤੇ ਸ਼ਕਤੀ ਸਿੰਘ ਨੂੰ 4 ਅਕਤੂਬਰ ਤੱਕ ਪੁਲੀਸ ਰਿਮਾਂਡ ’ਤੇ ਭੇਜਣ ਦਾ ਹੁਕਮ ਦਿੱਤਾ। ਇਹ ਤਿੰਨੇ ਦੋਸ਼ੀ ਨਾਭਾ ਜੇਲ ਵਿੱਚ ਅਦਾਲਤੀ ਹਿਰਾਸਤ ਹੇਠ ਨਜ਼ਰਬੰਦ ਸਨ, ਜਿੱਥੋਂ ਪੁਲੀਸ ਨੇ ਪ੍ਰੋਡਕਸ਼ਨ ਵਰੰਟ ਨਾਲ ਅੱਜ ਤਿੰਨਾਂ ਨੂੰ ਫਰੀਦਕੋਟ ਲਿਆਂਦਾ ਅਤੇ ਅਦਾਲਤ ਵਿੱਚ ਪੇਸ਼ ਕਰ ਕੇ ਇਨ੍ਹਾਂ ਦੀ ਅਦਾਲਤ ਸਾਹਮਣੇ ਗ੍ਰਿਫ਼ਤਾਰੀ ਦਰਜ ਕਰਵਾਈ ਹੈ।

## ਭੀਮਾ-ਕੋਰੇਗਾਂਵ ਕੇਸ: ਦਿੱਲੀ ਹਾਈ ਕੋਰਟ ਨੇ ਖੱਬੇ ਪੱਖੀ ਬੁੱਧੀਜੀਵੀ ਗੌਤਮ ਨਵਲੱਖਾ ਦੀ ਨਜ਼ਰਬੰਦੀ ਖਤਮ ਕੀਤੀ

ਨਵੀਂ ਦਿੱਲੀ, 1 ਅਕਤੂਬਰ, (ਪੋਸਟ ਬਿਊਰੋ)- ਬਹੁ-ਚਰਚਿਤ ਭੀਮਾ-ਕੋਰੇਗਾਂਵ ਕੇਸ ਵਿਚ ਗ੍ਰਿਫਤਾਰ ਕੀਤੇ ਪੰਜ ਖੱਬੇ ਪੱਖੀ ਵਰਕਰਾਂ ਵਿਚ ਸ਼ਾਮਲ ਗੌਤਮ ਨਵਲੱਖਾ ਦੀ ਨਜ਼ਰਬੰਦੀ ਨੂੰ ਦਿੱਲੀ ਹਾਈ ਕੋਰਟ ਨੇ ਖਤਮ ਕਰਨ ਨੂੰ ਕਿਹਾ ਹੈ। ਇਸ ਮਾਮਲੇ ਵਿੱਚ ਹਾਈ ਕੋਰਟ ਨੇ ਨਵਲੱਖਾ ਨੂੰ ਰਾਹਤ ਦਿੰਦੇ ਹੋਏ ਕਿਹਾ ਕਿ ਸੁਪਰੀਮ ਕੋਰਟ ਨੇ ਪਿਛਲੇ ਹਫਤੇ ਉਨਾਂ ਸਾਹਮਣੇ ਅਗੇਤੇ ਯਤਨਾਂ ਲਈ ਚਾਰ ਹਫਤੇ ਵਿੱਚ ਅਦਾਲਤ ਦਾ ਪੱਖ ਰੱਖਣ ਦੀ ਛੋਟ ਦਿਤੀ ਸੀ, ਜਿਸ ਦੀ ਉਨਾਂ ਨੇ ਵਰਤੋਂ ਕੀਤੀ ਹੈ। ਹਾਈ ਕੋਰਟ ਨੇ ਹੇਠਲੀ ਅਦਾਲਤ ਦੀ ਟਰਾਂਜਿਟ ਰਿਮਾਂਡ ਦੇ ਆਦੇਸ਼ ਨੂੰ ਵੀ ਰੱਦ ਕਰ ਦਿਤਾ ਹੈ।

ਵਰਨਣ ਯੋਗ ਹੈ ਕਿ ਇਹ ਕੇਸ ਸੁਪਰੀਮ ਕੋਰਟ ਵਿਚ ਲਿਜਾਣ ਤੋਂ ਪਹਿਲਾਂ ਇਸ ਆਦੇਸ਼ ਨੂੰ ਚੁਣੌਤੀ ਦਿਤੀ ਗਈ ਸੀ। ਅੱਜ ਹਾਈ ਕੋਰਟ ਨੇ ਕਿਹਾ ਕਿ ਨਵਲੱਖਾ ਨੂੰ 24 ਘੰਟੇ ਤੋਂ ਵੱਧ ਸਮਾਂ ਹਿਰਾਸਤ ਵਿਚ ਰੱਖਿਆ ਗਿਆ, ਜਿਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਗੌਤਮ ਨਵਲੱਖਾ ਨੂੰ ਦਿਲੀ ਵਿਚ 28 ਅਗਸਤ ਨੂੰ ਗ੍ਰਿਫਤਾਰ ਕੀਤਾ ਤੇ ਹੋਰ ਚਾਰ ਵਰਕਰਾਂ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਇਸ ਦੇ ਨੇੜੇ-ਤੇੜੇ ਗ੍ਰਿਫਤਾਰ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ 29 ਸਤੰਬਰ ਨੂੰ ਪੰਜ ਜਣਿਆਂ ਨੂੰ ਰਿਹਾਅ ਕਰਨ ਦੀ ਇਕ ਪਟੀਸ਼ਨ ਰੱਦ ਕਰਦਿਆਂ ਕਿਹਾ ਸੀ ਕਿ ਇਹ ਸਿਰਫ ਵਿਚਾਰਾਂ ਦੇ ਵਖਰੇਵੇਂ ਜਾਂ ਰਾਜਨੀਤਿਕ ਵਿਚਾਰਧਾਰਾ ਦੇ ਵਿਤਕਰੇ ਲਈ ਗ੍ਰਿਫਤਾਰ ਕੀਤੇ ਜਾਣ ਦਾ ਕੇਸ ਨਹੀਂ। ਇਨਾਂ ਵਰਕਰਾਂ ਨੂੰ ਭੀਮਾ-ਕੋਰੇਗਾਂਵ ਹਿੰਸਾ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਹ ਚਾਰ ਹਫਤੇ ਨਜ਼ਰਬੰਦ ਰਹਿਣਗੇ, ਜਿਸ ਦੌਰਾਨ ਹਾਈ ਕੋਰਟ ਇਸ ਮਾਮਲੇ ਦੇ ਗੁਣਾਂ ਅਤੇ ਦੋਸ਼ਾਂ ਉੱਤੇ ਵਿਚਾਰ ਕਰ ਸਕਦੀ ਹੈ

ਅਸਲ ਵਿੱਚ ਮਹਾਰਾਸ਼ਟਰਾ ਪੁਲਿਸ ਨੇ ਪਿਛਲੇ ਸਾਲ 31 ਦਸੰਬਰ ਨੂੰ ਏਲਗਰ ਕੌਂਸਲ ਕਾਨਫਰੰਸ ਤੋਂ ਪਿੱਛੋਂ ਦਰਜ਼ ਕੀਤੇ ਇੱਕ ਕੇਸ ਵਿਚ 28 ਅਗਸਤ ਨੂੰ ਇਨਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ। ਇਸ ਕਾਨਫਰੰਸ ਮਗਰੋਂ ਭੀਮਾ-ਕੋਰੇਗਾਂਵ ਵਿਚ ਹਿੰਸਾ ਭੜਕੀ ਸੀ। ਇਨਾਂ ਪੰਜਾਂ ਵਿਚ ਤੇਲਗੂ ਕਵੀ ਵਰਵਰਾ ਰਾਓ, ਮਨੁੱਖੀ ਅਧਿਕਾਰ ਵਰਕਰ ਅਰੁਣ ਫ਼ਰੇਰਾ ਅਤੇ ਵੇਰਨਨ ਗੌਂਜਾਲਵੇਜ਼, ਮਜ਼ਦੂਰ ਆਗੂ ਸੁਧਾ ਭਾਰਦਵਾਜ ਅਤੇ ਸਿਵਲ ਰਾਈਟਸ ਵਰਕਰ ਨਵਲੱਖਾ ਸ਼ਾਮਿਲ ਸਨ।

# ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁੱਦੇ ਵਾਸਤੇ ਪ੍ਰਧਾਨ ਮੰਤਰੀ ਕੋਲੋਂ ਸਮਾਂ ਮੰਗਿਆ



ਚੰਡੀਗੜ੍ਹ, 1 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਨਾਜ ਦੇ ਇਕੱਤੀ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ, ਜੀ ਐਸ ਟੀ ਵਿੱਚ ਛੇ ਹਜ਼ਾਰ ਕਰੋੜ ਰੁਪਏ ਦੇ ਪੇਂਡੂ ਵਿਕਾਸ ਫੰਡ ਦੇ ਮਿਲਾਏ ਜਾਣ ਅਤੇ ਸੀ ਸੀ ਐਲ (ਕੈਸ਼ ਕਰੈਡਿਟ ਲਿਮਿਟ) ਵਰਗੇ ਮੁੱਦਿਆਂ ’ਤੇ ਗੱਲਬਾਤ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਅਰੁਣ ਜੇਤਲੀ ਤੋਂ ਚਾਰ ਅਕਤੂਬਰ ਨੂੰ ਮਿਲਣ ਲਈ ਸਮਾਂ ਮੰਗਿਆ ਹੈ।

ਵਰਨਣ ਯੋਗ ਹੈ ਕਿ ਇਕੱਤੀ ਹਜ਼ਾਰ ਕਰੋੜ ਰੁਪਏ ਦੇ ਪਿਛਲੀ ਸਰਕਾਰ ਵਾਲੇ ਅਨਾਜ ਵਾਲੇ ਕਰਜ਼ੇ ਨੇ ਪੰਜਾਬ ਦਾ ਖਜ਼ਾਨਾ ਝੰਜੋੜ ਦਿੱਤਾ ਹੈ। ਪੰਜਾਬ ਨੂੰ ਹਰ ਸਾਲ 3270 ਕਰੋੜ ਰੁਪਏ ਕਰਜ਼ੇ ਦੀ ਕਿਸ਼ਤ ਵਜੋਂ ਦੇਣੇ ਪੈਂਦੇ ਹਨ। ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਅਨਾਜ ਦੀ ਖਰੀਦ ਲਈ ਇਸ ਪੈਸੇ ਨੂੰ ਕਰਜ਼ੇ ਦੀਆਂ ਕਿਸ਼ਤਾਂ ਵਿੱਚ ਦੇਣਾ ਮੰਨ ਲਿਆ ਸੀ, ਜਿਸ ਕਰਕੇ ਪੰਜਾਬ ਸਰਕਾਰ ਦੀ ਮੁਸ਼ਕਲ ਵਧ ਗਈ ਹੈ।

ਜਾਣਕਾਰ ਸੂਤਰਾਂ ਮੁਤਾਬਕ ਇਸ ਕਰਜ਼ੇ ਦਾ ਫੌਰੀ ਹੱਲ ਨਿਕਲਣ ਦੇ ਆਸਾਰ ਬੜੇ ਘੱਟ ਹਨ। ਕੇਂਦਰ ਦੀ ਅਗਲੀ ਸਰਕਾਰ ਨੂੰ ਇਸ ਬਾਰੇ ਫ਼ੈਸਲਾ ਕਰਨਾ ਪਵੇਗਾ ਤੇ ਉਹ ਵੀ ਪਿਛਲੀ ਸਰਕਾਰ ਦੇ ਬਣਾਏ ਆਧਾਰ ਉਤੇ ਹੀ ਇਸ ਦਾ ਹੱਲ ਕੱਢ ਸਕੇਗੀ। ਇਹ ਮਾਮਲਾ ਵਿੱਤ ਕਮਿਸ਼ਨ ਤੋਂ ਹੱਲ ਹੋ ਸਕਦਾ ਹੈ। ਜੀ ਐਸ ਟੀ ਲਾਗੂ ਕੀਤੇ ਜਾਣ ਕਰਕੇ ਰਾਜ ਸਰਕਾਰ ਨੂੰ ਪੇਂਡੂ ਵਿਕਾਸ ਫੰਡ ਵਜੋਂ ਮਿਲਦੇ ਛੇ ਹਜ਼ਾਰ ਕਰੋੜ ਰੁਪਏ ਵੀ ਬੰਦ ਹੋ ਗਏ ਹਨ, ਇਸ ਦੀ ਥਾਂ ਕੇਂਦਰ ਸਰਕਾਰ ਨੇ ਪੰਜ ਸਾਲ ਤਕ ਹਰ ਸਾਲ 14 ਫੀਸਦੀ ਵਾਧਾ ਦੇਣਾ ਹੈ। ਇਹ ਵਾਧਾ ਸਾਲ 2022 ਵਿੱਚ ਬੰਦ ਹੋ ਜਾਵੇਗਾ ਤੇ ਓਦੋਂ ਇਸ ਘਾਟੇ ਨੂੰ ਕਿਵੇਂ ਨਜਿੱਠਿਆ ਜਾਵੇਗਾ, ਇਸ ਬਾਰੇ ਵੀ ਰਾਜ ਸਰਕਾਰ ਇਹ ਕੇਸ ਪ੍ਰਧਾਨ ਮੰਤਰੀ ਕੋਲ ਉਠਾਉਣਾ ਚਾਹੁੰਦੀ ਹੈ।

ਇਸ ਦੇ ਨਾਲ ਹਰ ਸਾਲ ਝੋਨੇ ਤੇ ਕਣਕ ਦੀ ਖਰੀਦ ਵਾਸਤੇ ਸੀ ਸੀ ਲਿਮਟ (ਕੈਸ਼ ਕਰੈਡਿਟ ਲਿਮਿਟ) ਦਾ ਮਾਮਲਾ ਵੀ ਉਠਾਇਆ ਜਾਵੇਗਾ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਕੇਂਦਰ ਲਈ ਅਨਾਜ ਖਰੀਦਦੀ ਹੈ ਤੇ ਇਸ ਕਰ ਕੇ ਉਸ ਨੂੰ ਹਰ ਫਸਲ ਦੀ ਖਰੀਦ ਲਈ ਭਾਰਤੀ ਰਿਜ਼ਰਵ ਬੈਂਕ ਤੋਂ ਲਈ ਹੋਈ ਕੈਸ਼ ਕਰੈਡਿਟ ਲਿਮਟ ਉਤੇ ਵਿਆਜ ਦੇਣਾ ਪੈਂਦਾ ਹੈ ਤੇ ਇਸ ਦਾ ਵੀ ਕੋਈ ਹੱਲ ਕੱਢਿਆ ਜਾਣਾ ਚਾਹੀਦਾ ਹੈ।

## ਭਾਜਪਾ ਰੈਲੀ ਵਿੱਚ ਉਲਟਾ ਤਿਰੰਗਾ ਲਾਉਣ ਲਈ ਅਣਪਛਾਤੇ ਲੋਕਾਂ ਉੱਤੇ ਕੇਸ ਦਰਜ

ਜੰਮੂ, 1 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸਮੀਰ ਦੇ ਕਠੂਆ ਜ਼ਿਲ੍ਹੇ ਵਿੱਚ ਭਾਜਪਾ ਦੇ ਨੇਤਾ ਰਾਜੀਵ ਜਸਰੋਟੀਆ ਵੱਲੋਂ ਕੀਤੀ ਗਈ ਇੱਕ ਰੈਲੀ ਦੌਰਾਨ ਰਾਸ਼ਟਰੀ ਝੰਡਾ ਉਲਟਾ ਲਾਇਆ ਗਿਆ। ਇਸ ਪਿੱਛੋਂ ਤਿਰੰਗੇ ਦੇ ਅਪਮਾਨ ਨੂੰ ਲੈ ਕੇ ਪੁਲਸ ਵੱਲੋਂ ਇੱਕ ਬਾਕਾਇਦਾ ਕੇਸ ਦਰਜ ਕੀਤਾ ਗਿਆ ਹੈ।

ਪੁਲਸ ਸੂਤਰਾਂ ਨੇ ਦੱਸਿਆ ਕਿ ਰਾਸ਼ਟਰੀ ਸਤਿਕਾਰ ਦੇ ਅਪਮਾਨ ਰੋਕੂ ਕਾਨੂੰਨ ਦੀ ਧਾਰਾ 2 ਹੇਠ ਸ਼ੁੱਕਰਵਾਰ ਕੁਝ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਵਿਨੋਦ ਨਿਝਾਵਨ ਨਾਂਅ ਦੇ ਇੱਕ ਸਥਾਨਕ ਵਾਸੀ ਨੇ ਦੋਸ਼ ਲਾਇਆ ਕਿ ਸਾਬਕਾ ਮੰਤਰੀ ਜਸਰੋਟੀਆ ਅਤੇ ਭਾਜਪਾ ਉਮੀਦਵਾਰ ਰਾਹੁਲ ਦੇਵ ਸ਼ਰਮਾ ਦੀ ਅਗਵਾਈ ਵਿੱਚ ਵੀਰਵਾਰ ਨੂੰ ਹੋਈ ਰੈਲੀ ਵਿੱਚ ਰਾਸ਼ਟਰੀ ਝੰਡੇ ਦਾ ਅਪਮਾਨ ਕੀਤਾ ਗਿਆ ਹੈ। ਸ਼ਿਕਾਇਤ ਕਰਤਾ ਨੇ ਇੱਕ ਵੀਡੀਓ ਕਲਿਪ ਪੇਸ਼ ਕੀਤੀ ਹੈ, ਜਿਸ ਵਿੱਚ ਭਾਜਪਾ ਵਿਧਾਇਕ ਦੇ ਪਿੱਛੇ ਖੜੇ ਵਿਅਕਤੀ ਨੇ ਦੋ ਕਿਲੋਮੀਟਰ ਤੋਂ ਵੱਧ ਦੀ ਦੂਰੀ ਤੱਕ ਕੱਢੇ ਗਏ ਜਲੂਸ ਦੌਰਾਨ ਉਲਟਾ ਤਿਰੰਗਾ ਫੜਿਆ ਹੋਇਆ ਸੀ। ਆਪਣੀ ਸ਼ਿਕਾਇਤ ਵਿੱਚ ਨਿਝਾਵਨ ਨੇ ਕਿਹਾ ਕਿ ਇਹ ਬਹੁਤ ਹੀ ਗੰਭੀਰ ਮਾਮਲਾ ਹੈ ਅਤੇ ਇਸ ਨਾਲ ਦੇਸ਼ਭਗਤ ਨਾਗਰਿਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਲੀਆ



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ




Paramjit Deol CELL: 416-993-7378
Broker 7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today



BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.

135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500

85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900

255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000

1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $541,800

Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਉਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999

Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775

Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।


BRAMPTON $629,000

60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੂਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000

Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000

Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜ਼ਰੂਰ ਦੇਖੋ !!

BRAMPTON $849,000

Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999

Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

“Quality is our strength.”
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
308 Rutherford Road Brampton
905-874-9878
Daljit Singh President
Inderjit Singh
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878. www.skydomeauto.ca




ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com




# ਨਿਊਜ਼ੀਲੈਂਡ ਦੀ ਸਿਟੀਜ਼ਨਸ਼ਿਪ ਲਈ ਕਦਰਾਂ ਕੀਮਤਾਂ ਦਾ ਵੀ ਟੈਸਟ ਦੇਣਾ ਪਵੇਗਾ

ਆਕਲੈਂਡ, 1 ਅਕਤੂਬਰ (ਪੋਸਟ ਬਿਊਰੋ)- ਨਿਊਜ਼ੀਲੈਂਡ ਸਰਕਾਰ ਦੇ ਸਰਕਾਰੀ ਅਤੇ ਸਮਾਜੀ ਢਾਂਚੇ ਦੀ ਅਹਿਮ ਕੜੀ 'ਨਿਊਜ਼ੀਲੈਂਡ ਫਸਟ ਪਾਰਟੀ' ਨੇ ਪ੍ਰਵਾਸੀਆਂ ਦੇ ਖਿਲਾਫ ਇੱਕ ਨਵਾਂ ਕਾਨੂੰਨ ਪੇਸ਼ ਕਰਨ ਲਈ ਪ੍ਰੋਗਰਾਮ ਬਣਾਇਆ ਹੈ। ਇਸ ਤਹਿਤ ਪ੍ਰਵਾਸੀਆਂ ਨੂੰ ਸਿਟੀਜ਼ਨਸ਼ਿਪ ਦੇਣ ਲਈ ਟੈਸਟ ਰੱਖਿਆ ਜਾਵੇਗਾ।




ਇਸ ਪਾਰਟੀ ਦੇ ਨੇਤਾ ਵਿਨਸਨ ਪੀਟਰਜ਼ ਨੇ ਨਿਊਜ਼ੀਲੈਂਡ ਨੂੰ ਆਪਣਾ ਘਰ ਬਣਾਉਣ ਵਾਲੇ ਪ੍ਰਵਾਸੀਆਂ ਨੂੰ ਇਥੋਂ ਦੀਆਂ ਕਦਰਾਂ ਕੀਮਤਾਂ ਨਾਲ ਨਾ ਖੇਡਣ ਤੇ ਇੱਜ਼ਤ ਕਰਨਾ ਸਿੱਖਣ ਦਾ ਸਬਕ ਪੜ੍ਹਾਉਣ ਲਈ ਮਾਪਦੰਡ ਕਾਇਮ ਕਰਨ ਲਈ ਕਾਫੀ ਹੋਮ ਵਰਕ ਕਰਵਾ ਲਿਆ ਹੈ। ਆਪਣੀ 25ਵੀਂ ਵਰ੍ਹੇਗੰਢ ਦੇ ਸਮਾਗਮ 'ਚ ਪਾਰਟੀ ਨੇ ਫੈਸਲਾ ਲਿਆ ਹੈ ਕਿ ਜੇ ਕਿਸੇ ਨੇ ਇਥੇ ਨਾਗਰਿਕ ਬਣ ਕੇ ਰਹਿਣਾ ਹੈ ਤਾਂ ਨਿਊਜ਼ੀਲੈਂਡ ਦੀਆਂ ਸੱਭਿਆਚਾਰਕ ਤੇ ਹੋਰ ਕਦਰਾਂ ਕੀਮਤਾਂ ਦੀ ਇੱਜ਼ਤ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਪਰਵਾਸੀਆਂ 'ਚੋਂ ਕਈਆਂ ਨੇ ਕਾਨੂੰਨ ਦੀ ਅਣਦੇਖੀ ਕੀਤੀ ਹੈ, ਸੁਚਾਰੂ ਸਿਸਟਮ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਤੇ ਦੇਸ਼ ਨੂੰ ਨੁਕਸਾਨ ਪਹੁੰਚਾਇਆ ਹੈ। ਪਾਰਟੀ 'ਚ ਤੈਅ ਹੋਇਆ ਕਿ ਨਿਊਜ਼ੀਲੈਂਡ ਨੂੰ ਸਿਰਫ ਉਹ 'ਮਾਈਗ੍ਰਾਂਟ' ਅਤੇ 'ਰਿਫਿਊਜ਼ੀ' ਚਾਹੀਦੇ ਹਨ, ਜਿਹੜੇ ਦੇਸ਼ ਨੂੰ ਬਿਹਤਰ ਬਣਾਉਣ 'ਚ ਯੋਗਦਾਨ ਪਾਉਣ ਨਾ ਕਿ ਦੇਸ਼ ਨੂੰ ਮੁਸ਼ਕਲ 'ਚ ਫਸਾਉਣ। ਇਹ ਵੀ ਚਰਚਾ ਹੋਈ ਕਿ ਪ੍ਰਵਾਸੀ ਆਪਣੇ ਸਲਾਹ ਮਸ਼ਵਰੇ ਆਪਣੇ ਕੋਲ ਰੱਖਣ, ਸਰਕਾਰ ਨੂੰ ਨਾ ਦੇਣ। ਇਕ ਐਮ ਪੀ ਨੇ ਵਿਚਾਰ ਦਿੱਤਾ ਕਿ ਜਿਹੜੇ ਨਿਊਜ਼ੀਲੈਂਡ ਦੀ ਕਦਰ ਨਹੀਂ ਕਰਨਗੇ, ਉਹ ਵਾਪਸ ਭੇਜੇ ਜਾਣਗੇ।

ਮਿਲੀ ਜਾਣਕਾਰੀ ਅਨੁਸਾਰ ਸਿਟੀਜ਼ਨਸ਼ਿਪ 'ਤੇ ਵੀ ਡੂੰਘੀ ਨਿਗਰਾਨੀ ਰੱਖੀ ਜਾ ਰਹੀ ਹੈ ਤੇ ਵਿਚਾਰ ਚਰਚਾ ਹੋ ਰਹੀ ਹੈ ਕਿ ਸਿਟੀਜ਼ਨਸ਼ਿਪ ਟੈਸਟ ਰੱਖਿਆ ਜਾਵੇ। ਪਰਵਾਸੀ ਭਾਈਚਾਰੇ ਵਿੱਚ ਚਰਚਾ ਹੈ ਕਿ ਜੇ ਅਜਿਹਾ ਬਿੱਲ ਪਾਸ ਹੋ ਜਾਂਦਾ ਹੈ ਤਾਂ ਬਹੁਤ ਸਾਰੇ ਪਰਵਾਸੀਆਂ ਨੂੰ ਵਤਨ ਪਰਤਣਾ ਪੈ

# ਬਿਆਨ ਬਦਲਣ ਵਾਲੀ ਬਲਾਤਕਾਰ ਪੀੜਤਾ ਦੇ ਵਿਰੁੱਧ ਸੁਪਰੀਮ ਕੋਰਟ ਨੇ ਕੇਸ ਚਲਾਉਣ ਨੂੰ ਕਿਹਾ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਜੇ ਕਿਸੇ ਮਾਮਲੇ ਵਿੱਚ ਪੀੜਤ, ਦੋਸ਼ੀ ਨੂੰ ਬਚਾਉਣ ਲਈ ਉਸ ਨਾਲ ਸਮਝੌਤਾ ਕਰਦਾ ਅਤੇ ਆਪਣੇ ਬਿਆਨ ਤੋਂ ਪਲਟਦਾ ਹੈ ਤਾਂ ਉਸ ਉੱਤੇ ਵੀ ਕੇਸ ਚੱਲ ਸਕਦਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਦੋਸ਼ੀ ਵਿਰੁੱਧ ਢੁਕਵੇਂ ਸਬੂਤ ਹਨ ਅਤੇ ਬਲਾਤਕਾਰ ਪੀੜਤਾ ਆਪਣੇ ਬਿਆਨ ਤੋਂ ਪਲਟ ਕੇ ਦੋਸ਼ੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਵਿਰੁੱਧ ਕੇਸ ਚਲਾਇਆ ਜਾ ਸਕਦਾ ਹੈ।



ਜਸਟਿਸ ਰੰਜਨ ਗੋਗੋਈ, ਜਸਟਿਸ ਨਵੀਨ ਸ਼ਰਮਾ ਅਤੇ ਜਸਟਿਸ ਕੇ ਐਮ ਜੋਸੇਫ ਦੇ ਬੈਂਚ ਨੇ ਕਿਹਾ ਹੈ ਕਿ ਜੇ ਬਲਾਤਕਾਰ ਦੇ ਦੋਸ਼ੀ ਨੂੰ ਪੀੜਤਾ ਵੱਲੋਂ ਮੈਡੀਕਲ ਰਿਪੋਰਟ ਤੋਂ ਇਲਾਵਾ ਹੋਰ ਕਿਸੇ ਆਧਾਰ 'ਤੇ ਕਲੀਨ ਚਿੱਟ ਵੀ ਦੇ ਦਿੱਤੀ ਜਾਵੇ ਤਾਂ ਵੀ ਉਸ ਵਿਰੁੱਧ ਕੇਸ ਚਲਾਇਆ ਜਾ ਸਕਦਾ ਹੈ। ਅਦਾਲਤ ਨੇ ਇਸ ਤਰ੍ਹਾਂ ਦੇ ਮਾਮਲੇ ਵਿੱਚ ਦੋਸ਼ੀ ਨੂੰ 10 ਸਾਲ ਦੀ ਸਜ਼ਾ ਸੁਣਾਈ ਹੈ, ਜਦ ਕਿ ਬਲਾਤਕਾਰ ਪੀੜਤਾ ਨੇ ਆਪਣਾ ਬਿਆਨ ਬਦਲ ਕੇ ਕਿਹਾ ਸੀ ਕਿ ਉਸ ਨਾਲ ਬਲਾਤਕਾਰ ਨਹੀਂ ਹੋਇਆ। ਅਦਾਲਤ ਨੇ ਕਿਹਾ, ਕ੍ਰਿਮੀਨਲ ਟਰਾਇਲ ਦਾ ਮਕਸਦ ਸੱਚ ਸਾਹਮਣੇ ਲਿਆਉਣਾ ਹੈ। ਪੁੱਛ ਪੜਤਾਲ ਕਿਵੇਂ ਦੀ ਹੋਵੇ, ਇਹ ਹਰ ਕੇਸ ਤੇ ਉਸ ਦੇ ਤੱਥਾਂ ਉਤੇ ਨਿਰਭਰ ਕਰਦਾ ਹੈ। ਕਿਸੇ ਨੂੰ ਬੇਕਸੂਰ ਸੰਤੁਲਨ ਹੋਣਾ ਜ਼ਰੂਰੀ ਹੈ। ਦੋਸ਼ੀ ਜਾਂ ਪੀੜਤ ਕਿਸੇ ਨੂੰ ਵੀ ਇਹ ਆਗਿਆ ਨਹੀਂ ਕਿ ਉਹ ਝੂਠ ਬੋਲ ਕੇ ਕ੍ਰਿਮੀਨਲ ਟਰਾਇਲ ਨੂੰ ਬਦਲ ਦੇਵੇ ਅਤੇ ਅਦਾਲਤ ਨੂੰ ਮਜ਼ਾਕ ਦਾ ਵਿਸ਼ਾ ਬਣਾਵੇ।

# ਭਾਰਤ ਵਿੱਚ ਸੋਨੇ ਦੇ ਭਾਅ ਦਾ ਕੁੜੀਆਂ ਦੀ ਜਨਮ ਦਰ ਉੱਤੇ ਵੀ ਅਸਰ ਪੈਂਦਾ

ਲੰਡਨ, 1 ਅਕਤੂਬਰ (ਪੋਸਟ ਬਿਊਰੋ)- ਬ੍ਰਿਟਿਸ਼ ਯੂਨੀਵਰਸਿਟੀ ਆਫ ਐਸੈਕਸ ਦੀ ਇਕ ਰਿਪੋਰਟ ਮੁਤਾਬਕ ਜਦੋਂ ਸੋਨੇ ਦਾ ਭਾਅ ਵਧਦਾ ਹੈ, ਉਦੋਂ ਭਾਰਤ ਵਿੱਚ ਕੁੜੀਆਂ ਦੇ ਜਨਮ ਲੈਣ ਜਾਂ ਜਨਮ ਲੈਣ ਦੇ ਬਾਅਦ ਉਨ੍ਹਾਂ ਦੇ ਬਚਣ ਦੀ ਦਰ ਘੱਟ ਹੋ ਜਾਂਦੀ ਹੈ। ਇਸ ਦਾ ਮਤਲਬ ਨਵਜੰਮੀ ਬੱਚੀ ਅਤੇ ਕੰਨਿਆ ਭਰੂਣ ਦੋਵਾਂ 'ਤੇ ਅਸਰ ਪੈਂਦਾ ਹੈ।

ਇਸ ਰਿਪੋਰਟ ਮੁਤਾਬਕ ਸੋਨੇ ਦੇ ਭਾਅ ਦਾ ਸਿੱਧਾ ਅਸਰ ਵਿਆਹ ਵਿੱਚ ਦਿੱਤੇ ਜਾਣ ਵਾਲੇ ਦਾਜ ਉੱਤੇ ਪੈਂਦਾ ਹੈ। ਜਦੋਂ ਸੋਨੇ ਦਾ ਭਾਅ ਵੱਧਦਾ ਹੈ ਤਾਂ ਪਰਵਾਰ ਧੀਆਂ ਨੂੰ ਨਜ਼ਰ ਅੰਦਾਜ਼ ਕਰਨ ਲੱਗਦੇ ਜਾਂ ਫਿਰ ਉਨ੍ਹਾਂ ਨੂੰ ਭਰੂਣ ਵਿੱਚ ਮਾਰ ਦੇਣ ਦੇ ਅਪਰਾਧ ਕਰਨ ਲੱਗਦੇ ਹਨ। ਇਸ ਖੋਜ ਵਿੱਚ ਸ਼ਾਮਲ ਅਰਥ ਸ਼ਾਸਤਰ ਦੀ ਪ੍ਰੋਫੈਸਰ ਸੋਨੀਆ ਭਾਲੋਤਰਾ ਮੁਤਾਬਕ ਸਾਲ 1961 ਵਿੱਚ ਕਾਨੂੰਨੀ ਪਾਬੰਦੀ ਦੇ ਬਾਵਜੂਦ ਭਾਰਤ ਵਿੱਚ ਦਾਜ ਪ੍ਰਥਾ ਕਾਇਮ ਹੈ। ਸੋਨਾ ਮਹਿੰਗਾ ਹੋਣ ਨਾਲ ਬੇਟੀਆਂ ਦੇ ਖਾਣ ਪੀਣ, ਉਨ੍ਹਾਂ ਦੀ ਬਿਮਾਰੀ ਦੇ ਇਲਾਜ ਅਤੇ ਸਿੱਖਿਆ 'ਤੇ ਖਰਚ ਘੱਟ ਕਰ ਦਿੱਤਾ ਜਾਂਦਾ ਹੈ। ਭਾਰਤ 90 ਫੀਸਦੀ ਸੋਨਾ ਦਰਾਮਦ ਕਰਦਾ ਹੈ। ਸਾਲ 1972 ਤੋਂ ਸਾਲ 2005 ਵਿਚਕਾਰ ਅੰਤਰਰਾਸ਼ਟਰੀ ਸੋਨੇ ਦੀ ਕੀਮਤ ਅਤੇ ਜਨਮ ਦਰ ਦੀ ਸਟੱਡੀ ਤੋਂ ਇਹ ਪਤਾ ਚੱਲਦਾ ਹੈ।

# ਇੰਦਰਾ ਗਾਂਧੀ ਆਪਣੇ ਪੁੱਤਰ ਰਾਜੀਵ ਨੂੰ ਰਾਜ ਕਪੂਰ ਦੀ ਧੀ ਨਾਲ ਵਿਆਹੁਣਾ ਚਾਹੁੰਦੀ ਸੀ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਸਿਆਸਤ 'ਚ ਪ੍ਰਭਾਵਸ਼ਾਲੀ ਗਾਂਧੀ-ਨਹਿਰੂ ਪਰਵਾਰ ਤੇ ਫਿਲਮੀ ਦੁਨੀਆ ਦੇ ਮੰਨੇ-ਪ੍ਰਮੰਨੇ ਕਪੂਰ ਪਰਵਾਰ ਦੀ ਨੇੜਤਾ ਸਭ ਨੂੰ ਪਤਾ ਹੈ, ਪਰ ਇਹ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗੀ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਆਪਣੇ ਵੱਡੇ ਬੇਟੇ ਰਾਜੀਵ ਗਾਂਧੀ ਦਾ ਵਿਆਹ ਮੰਨੇ-ਪ੍ਰਮੰਨੇ ਫਿਲਮ ਅਭਿਨੇਤਾ ਸਵਰਗੀ ਰਾਜ ਕਪੂਰ ਦੀ ਬੇਟੀ ਨਾਲ ਕਰਨਾ ਚਾਹੁੰਦੀ ਸੀ।

ਪੱਤਰਕਾਰ ਰਸ਼ੀਦ ਕਿਦਵਈ ਨੇ ਆਪਣੀ ਕਿਤਾਬ 'ਨੇਤਾ ਅਭਿਨੇਤਾ- ਬਾਲੀਵੁੱਡ ਸਟਾਰ ਪਾਵਰ ਇਨ ਇੰਡੀਆ ਪਾਲੀਟਿਕਸ' ਵਿੱਚ ਲਿਖਿਆ ਹੈ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਅਤੇ ਰਾਜ ਕਪੂਰ ਦੇ ਪਿਤਾ ਪ੍ਰਿਥਵੀ ਰਾਜ ਕਪੂਰ ਦੀ ਗੂੜ੍ਹੀ ਦੋਸਤੀ ਸੀ। ਇੰਦਰਾ ਗਾਂਧੀ ਦੇ ਮਨ 'ਚ ਵੀ ਕਪੂਰ ਪਰਵਾਰ ਲਈ ਬਹੁਤ ਇੱਜ਼ਤ-ਮਾਣ ਸੀ। ਕਿਤਾਬ ਮੁਤਾਬਕ ਇੰਦਰਾ ਗਾਂਧੀ ਚਾਹੁੰਦੀ ਸੀ ਕਿ ਦੋਵਾਂ ਪਰਵਾਰਾਂ ਦਾ ਰਿਸ਼ਤਾ ਦੋਸਤੀ ਤੋਂ ਅੱਗੇ ਵਧੇ। ਇਸ ਮੰਤਵ ਲਈ ਉਨ੍ਹਾਂ ਆਪਣੇ ਵੱਡੇ ਬੇਟੇ ਤੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਵਿਆਹ ਰਾਜ ਕਪੂਰ ਦੀ ਵੱਡੀ ਬੇਟੀ ਰਿਤੂ ਨਾਲ ਕਰਨ ਬਾਰੇ ਸੋਚਿਆ ਸੀ। ਰਸ਼ੀਦ ਨੇ ਕਿਤਾਬ 'ਚ ਲਿਖਿਆ ਹੈ ਕਿ ਇਹ ਗੱਲ ਨਹੀਂ ਹੈ ਕਿ ਇੰਦਰਾ ਗਾਂਧੀ ਨੂੰ ਬਾਲੀਵੁੱਡ ਨਾਲ ਜੁੜੀ ਕਿਸੇ ਨੂੰਹ ਦੀ ਭਾਲ ਸੀ ਜਾਂ ਸਟਾਰ ਵਰਗੀ ਕਿਸੇ ਚੀਜ਼ ਨਾਲ ਉਨ੍ਹਾਂ ਦਾ ਪਿਆਰ ਸੀ। ਉਨ੍ਹਾਂ ਦੇ ਦਿਲ ਵਿੱਚ ਕਪੂਰ ਪਰਵਾਰ ਲਈ ਸਤਿਕਾਰ ਸੀ। ਰਾਜ ਕਪੂਰ ਦੀ ਬੇਟੀ ਨਾਲ ਰਾਜੀਵ ਦੇ ਵਿਆਹ ਦੀ ਇੰਦਰਾ ਦੀ ਇੱਛਾ ਪੂਰੀ ਨਾ ਹੋ ਸਕੀ। ਰਾਜੀਵ ਪੜ੍ਹਾਈ ਕਰਨ ਲਈ ਬ੍ਰਿਟੇਨ ਦੀ ਕੈਂਬਰਿਜ ਯੂਨੀਵਰਸਿਟੀ ਚਲੇ ਗਏ, ਜਿੱਥੇ ਉਨ੍ਹਾਂ ਦੀ ਮੁਲਾਕਾਤ ਇਟਲੀ ਦੀ ਰਹਿਣ ਵਾਲੀ ਇੱਕ ਕੁੜੀ ਸੋਨੀਆ ਮਾਇਨੋ (ਸੋਨੀਆ ਗਾਂਧੀ) ਨਾਲ ਹੋਈ। ਦੋਵਾਂ 'ਚ ਉਥੇ ਹੀ ਪਿਆਰ ਹੋਇਆ ਤੇ ਉਨ੍ਹਾਂ 1968 ਵਿੱਚ ਵਿਆਹ ਕਰਵਾ ਲਿਆ।

# 785 ਪੇਟੀਆਂ ਸ਼ਰਾਬ ਸਮੇਤ ਅਕਾਲੀ ਨੇਤਾ ਗ੍ਰਿਫਤਾਰ

ਬਠਿੰਡਾ, 1 ਅਕਤੂਬਰ (ਪੋਸਟ ਬਿਊਰੋ)- ਥਾਣਾ ਸਦਰ ਰਾਮਪੁਰਾ ਦੀ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਨਾਕਾਬੰਦੀ ਕਰਕੇ ਹਰਿਆਣਾ ਤੋਂ ਤਸਕਰੀ ਕਰ ਕੇ ਲਿਆਂਦੀ 785 ਪੇਟੀਆਂ ਸ਼ਰਾਬ ਬਰਾਮਦ ਕਰਕੇ ਇਕ ਅਕਾਲੀ ਨੇਤਾ ਸਮੇਤ ਦੋ ਜਣਿਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ। ਦੋਸ਼ੀ ਕਰਮਜੀਤ ਸਿੰਘ ਤੇ ਸਰਬਜੀਤ ਸਿੰਘ ਦੋਵੇਂ ਜਣੇ ਜ਼ਿਲਾ ਬਰਨਾਲਾ ਦੇ ਰਹਿਣ ਵਾਲੇ ਦੱਸੇ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਇਹ ਲੋਕ ਲੰਬੇ ਸਮੇਂ ਤੋਂ ਸ਼ਰਾਬ ਦੀ ਤਸਕਰੀ ਵਿੱਚ ਲੱਗੇ ਹੋਏ ਸਨ ਜੋ ਹਰਿਆਣਾ ਤੋਂ ਸ਼ਰਾਬ ਲੈ ਕੇ ਆਉਂਦੇ ਅਤੇ ਬਰਨਾਲਾ ਤੇ ਰਾਮਪੁਰਾ ਦੇ ਆਸ ਪਾਸ ਦੇ ਪਿੰਡਾਂ ਵਿੱਚ ਮਹਿੰਗੇ ਭਾਅ ਵੇਚਦੇ ਸਨ। ਪੁਲਸ ਨੇ ਚੰਡੀਗੜ੍ਹ ਹਾਈਵੇਅ ਦੇ ਪਿੰਡ ਕਰਾੜਵਾਲਾ ਵਿੱਚ ਨਾਕਾਬੰਦੀ ਕੀਤੀ ਹੋਈ ਸੀ ਤਾਂ ਉਨ੍ਹਾਂ ਨੂੰ ਇਕ ਟਰੱਕ ਆਉਂਦਾ ਦਿਖਾਈ ਦਿੱਤਾ। ਟਰੱਕ ਨੂੰ ਰੋਕ ਕੇ ਜਦ ਉਸ ਦੀ ਤਲਾਸ਼ੀ ਲਈ ਗਈ ਤਾਂ ਉਸ 'ਚੋਂ ਪੁਲਸ ਨੂੰ 785 ਪੇਟੀਆਂ ਸ਼ੌਕੀਨ ਹਰਿਆਣਾ ਦੀ ਸ਼ਰਾਬ ਬਰਾਮਦ ਹੋਈ ਅਤੇ ਪੁਲਸ ਨੇ ਮਾਮਲਾ ਦਰਜ ਕਰ ਲਿਆ।

# ਪੰਜਾਬ ਵਿੱਚ 40 ਤੇ ਹਰਿਆਣਾ ਵਿੱਚ ਚੱਲਦੇ ਹਨ 22 ਓਲਡ ਏਜ ਹੋਮ



ਮੋਹਾਲੀ, 1 ਅਕਤੂਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਦੀ ਸਰਕਾਰਾਂ ਵੱਲੋਂ ਖੁਦ ਹੀ ਮਾਤਾ ਪਿਤਾ ਤੇ ਬਜ਼ੁਰਗਾਂ ਦੀ ਸੰਭਾਲ ਐਕਟ 2007 ਦੀ ਉਲੰਘਣਾ ਕੀਤੀ ਜਾ ਰਹੀ ਹੈ। ਦੇਸ਼ ਵਿੱਚ ਸਾਲ 2007 ਵਿੱਚ ਲਾਗੂ ਹੋਣ ਪਿੱਛੋਂ ਵੀ ਇਨ੍ਹਾਂ ਦੋਵਾਂ ਸਰਕਾਰਾਂ ਨੇ ਆਪਣੇ ਰਾਜਾਂ ਵਿੱਚ ਸਿਰਫ ਇਕ-ਇੱਕ ਸਰਕਾਰੀ ਓਲਡ ਏਜ ਹੋਮ ਚਲਾਇਆ ਹੈ। ਬਾਕੀ ਜ਼ਿਲਿਆਂ ਵਿੱਚ ਸਮਾਜ ਸੇਵੀ ਸੰਸਥਾਵਾਂ ਵੱਲੋਂ ਆਪਣੇ ਪੱਧਰ 'ਤੇ ਓਲਡ ਏਹ ਹੋਮ ਚਲਾਏ ਜਾ ਰਹੇ ਹਨ।

ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਦੌਰਾਨ ਦੇਸ਼ ਵਿੱਚ ਲਾਗੂ ਕੀਤੇ ਗਏ ਇਸ ਐਕਟ ਦੇ ਤਹਿਤ ਰਾਜ ਸਰਕਾਰਾਂ ਲਈ ਜ਼ਰੂਰੀ ਹੈ ਕਿ ਉਹ ਹਰ ਜ਼ਿਲੇ ਵਿੱਚ ਘੱਟੋ ਘੱਟ ਇਕ ਓਲਡ ਏਜ ਹੋਮ ਜ਼ਰੂਰ ਬਣਾਉਣ, ਜਿਥੇ 'ਤੇ ਇਕ ਤੋਂ ਵੱਧ ਦੀ ਜ਼ਰੂਰਤ ਹੈ, ਉਥੇ ਜ਼ਰੂਰਤ ਦੇ ਅਨੁਸਾਰ ਓਲਡ ਏਜ ਹੋਮ ਬਣਾਏ ਜਾਣ। ਪੰਜਾਬ ਅਤੇ ਹਰਿਆਣਾ ਦੀ ਸਰਕਾਰਾਂ ਇਸ ਬਾਰੇ ਕੁਝ ਵੀ ਨਹੀਂ ਕਰ ਰਹੀਆਂ।

ਇਸ ਸੰਬੰਧ ਵਿੱਚ ਕੌਂਸਲਰ ਬੇਦੀ ਨੇ ਦੱਸਿਆ ਕਿ ਇਸ ਕੇਸ ਦੀ ਦੋ ਦਿਨ ਪਹਿਲਾ ਹੋਈ ਸੁਣਵਾਈ ਦੌਰਾਨ ਪੰਜਾਬ ਹਰਿਆਣਾ ਅਤੇ ਚੰਡੀਗੜ੍ਹ ਨੇ ਆਪਣੇ ਖੇਤਰ ਵਿੱਚ ਚਲਾਏ ਜਾਂਦੇ ਓਲਡ ਏਹ ਹੋਮ ਦੀ ਰਿਪੋਰਟ ਦਾਖਲ ਕੀਤੀ ਤਾਂ ਇਸ ਵਿੱਚ ਪੰਜਾਬ ਸਰਕਾਰ ਨੇ ਦੱਸਿਆ ਕਿ ਪੰਜਾਬ ਦੇ 22 ਜ਼ਿਲਿਆਂ 'ਚੋਂ 20 ਵਿੱਚ ਕੁੱਲ 40 ਓਲਡ ਏਜ ਹੋਮ ਹੈ। ਇਨ੍ਹਾਂ 'ਚੋਂ ਹੁਸ਼ਿਆਰਪੁਰ ਵਿੱਚ ਸਰਕਾਰੀ ਓਲਡ ਏਜ ਹੋਮ ਹੈ। ਬਾਕੀ ਦੇ ਓਲਡ ਏਜ ਹੋਮ ਸਮਾਜ ਸੇਵੀ ਸੰਸਥਾਵਾਂ ਚਲਾਉਂਦੀਆਂ ਹਨ। ਹਰਿਆਣਾ ਸਰਕਾਰ ਦਾ ਹਾਲ ਕਾਫੀ ਬੁਰਾ ਹੈ। ਸੱਤ ਜ਼ਿਲਿਆਂ ਵਿੱਚ ਕੋਈ ਵੀ ਓਲਡ ਏਜ ਹੋਮ ਨਹੀਂ ਹੈ। ਹਰਿਆਣਾ ਸਰਕਾਰ ਨੇ ਸਿਰਫ ਰੇਵਾੜੀ ਜ਼ਿਲੇ ਵਿੱਚ ਇਕ ਸਰਕਾਰੀ ਓਲਡ ਏਜ ਹੋਮ ਬਣਾਇਆ ਹੈ, ਜਦ ਕਿ ਬਾਕੀ ਜ਼ਿਲਿਆਂ ਵਿੱਚ ਸਮਾਜ ਸੇਵੀ ਸੰਸਥਾਵਾਂ ਵੱਲੋਂ 22 ਓਲਡ ਏਜ ਹੋਮ ਚਲਾਏ ਜਾ ਰਹੇ ਹਨ।

# ਚੀਨ ਦੇ ਕਰਜ਼ਾ ਜਾਲ ਤੋਂ ਡਰ ਕੇ ਕਈ ਪ੍ਰਾਜੈਕਟ ਛੱਡ ਗਿਆ ਪਾਕਿ

ਇਸਲਾਮਾਬਾਦ, 1 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਨੂੰ ਚੀਨ ਦੇ ਕਰਜ਼ਾ ਜਾਲ ਵਿੱਚ ਫਸਣ ਦਾ ਡਰ ਸਤਾਉਣ ਲੱਗਾ ਹੈ। ਇਸੇ ਦੇ ਚਲਦੇ ਪਾਕਿਸਤਾਨ 8.2 ਅਰਬ ਡਾਲਰ ਦੇ ਪ੍ਰੋਜੈਕਟ ਦੇ ਲਈ ਚੀਨ ਨਾਲ ਸਮਝੌਤਾ ਕਰਨ ਤੋਂ ਝਿਜਕ ਰਿਹਾ ਹੈ। ਇਸ ਪ੍ਰੋਜੈਕਟ ਦੇ ਤਹਿਤ ਅਰਬ ਸਾਗਰ ਤੋਂ ਲੈ ਕੇ ਹਿੰਦੂ ਕੁਸ਼ ਪਰਬਤਮਾਲਾ ਤੱਕ ਰੇਲ ਲਾਈਨ ਵਿਛਾਈ ਜਾਣੀ ਹੈ। ਇਹ ਚੀਨ ਦੇ ਸਿਲਕ ਰੋਡ ਪ੍ਰੋਜੈਕਟ ਦਾ ਹਿੱਸਾ ਹੈ।

ਇਹ ਰੇਲਵੇ ਲਾਈਨ ਕਰਾਚੀ ਨੂੰ ਉਤਰ-ਪੱਛਮੀ ਸ਼ਹਿਰ ਪੇਸ਼ਾਵਰ ਨੂੰ ਜੋੜੇਗੀ। ਇਸ ਦਾ ਸੰਪਰਕ ਚੀਨ ਦੇ ਵਨ-ਬੈਲਟ-ਵਨ ਰੋਡ ਪ੍ਰੋਜੈਕਟ ਦੇ ਤਹਿਤ ਚੀਨ-ਪਾਕਿਸਤਾਨ ਇਕੋਨ-ਮਿਕ ਕਾਰੀਡੋਰ ਤੋਂ ਹੋਵੇਗਾ, ਪਰ ਪਾਕਿਸਤਾਨ ਇਸ ਪ੍ਰੋਜੈਕਟ ਦੀ ਕੀਮਤ ਅਤੇ ਕਰਜ਼ੇ ਲਈ ਤੈਅ ਸ਼ਰਤਾਂ ਬਾਰੇ ਚਿੰਤਾ ਵਿੱਚ ਹਨ। ਉਹ ਇਸ ਪ੍ਰੋਜੈਕਟ ਤੋਂ ਪਿੱਛੇ ਹਟ ਰਿਹਾ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਰਕਾਰ ਨੇ ਦੇਸ਼ 'ਤੇ ਲੱਦੇ ਹੋਏ ਵਿਦੇਸ਼ੀ ਕਰਜ਼ੇ ਨੂੰ ਘੱਟ ਕਰਨ ਲਈ ਵੱਡੇ ਪ੍ਰੋਜੈਕਟ ਵਿੱਚ ਹੱਥ ਨਾ ਪਾਉਣ ਦਾ ਫੈਸਲਾ ਕੀਤਾ ਹੈ। ਦੇਸ਼ ਦੇ ਯੋਜਨਾ ਮੰਤਰੀ ਖੁਸਰੋ ਬਖਤਿਆਰ ਨੇ ਕਿਹਾ, ਅਸੀਂ ਅਜਿਹਾ ਮਾਡਲ ਤਿਆਰ ਕਰਨ ਦੀ ਕੋਸ਼ਿਸ਼ ਕਰਨਗੇ ਜਿਸ ਤੋਂ ਪਾਕਿਸਤਾਨ ਸਰਕਾਰ ਦੇ ਲਈ ਕੋਈ ਮੁਸ਼ਕਲ ਪੈਦਾ ਨਾ ਹੋਵੇ।

ਪਾਕਿਸਤਾਨ ਦੀ ਨਵੀਂ ਸਰਕਾਰ ਦਾ ਇਹ ਰੁਖ਼ ਚੀਨੀ ਨਿਵੇਸ਼ ਤੋਂ ਸ੍ਰੀਲੰਕਾ, ਮਲੇਸ਼ੀਆ ਅਤੇ ਮਾਲਦੀਵ ਵਿੱਚ ਬਣੀ ਸਥਿਤੀ ਤੋਂ ਬਣਿਆ ਹੈ। ਇਨ੍ਹਾਂ ਦੇਸ਼ਾਂ ਵਿੱਚ ਚੀਨੀ ਕਰਜ਼ੇ ਨਾਲ ਬਣਦੇ ਪ੍ਰੋਜੈਕਟਾਂ ਨੇ ਉਥੋਂ ਦੀ ਅਰਥ ਵਿਵਸਥਾ 'ਤੇ ਨਾਂਹ ਪੱਖੀ ਅਸਰ ਪਾਇਆ ਹੈ। ਇਸ ਦਾ ਅਸਰ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਵਾਲੀ ਸਰਕਾਰਾਂ 'ਤੇ ਪਿਆ। ਤਿੰਨਾਂ ਹੀ ਦੇਸ਼ਾਂ ਵਿੱਚ ਚੀਨ ਦੀ ਨੇੜਤਾ ਵਾਲੀਆਂ ਸਰਕਾਰਾਂ ਨੂੰ ਚੋਣਾਂ ਵਿੱਚ ਹਟਣਾ ਪਿਆ। ਇਸੇ ਦੇ ਬਾਅਦ ਇਮਰਾਨ ਸਰਕਾਰ ਨੇ ਵਨ-ਬੈਲਟ-ਵਨ ਰੋਡ ਪ੍ਰੋਜੈਕਟ ਨਾਲ ਜੁੜੇ ਕੰਮਾਂ ਦੀ ਸਮੀਖਿਆ ਕੀਤੀ ਹੈ। ਸਮੀਖਿਆ ਦੌਰਾਨ ਪਾਇਆ ਗਿਆ ਕਿ ਪ੍ਰੋਜੈਕਟਾਂ ਨੂੰ ਲੈ ਕੇ ਹਿਤਕਰ ਗੱਲਬਾਤ ਨਹੀਂ ਕੀਤੀ ਗਈ। ਵੱਡੇ ਬਜਟ ਦੇ ਪ੍ਰੋਜੈਕਟ ਤਿਆਰ ਕੀਤੇ ਗਏ। ਇਨ੍ਹਾਂ ਵਿੱਚ ਚੀਨ ਨੂੰ ਫਾਇਦਾ ਪਹੁੰਚਾਉਣ ਵਾਲੇ ਨਿਯਮ ਲਾਗੂ ਕੀਤੇ ਗਏ। ਪਾਕਿਸਤਾਨ ਲਈ ਮੁਸ਼ਕਲ ਇਹ ਹੈ ਕਿ ਚੀਨ ਕੇਵਲ ਉਨ੍ਹਾਂ ਹੀ ਪ੍ਰੋਜੈਕਟਾਂ ਦੀ ਸਮੀਖਿਆ ਕਰ ਰਿਹਾ ਹੈ, ਜੋ ਅਜੇ ਤੱਕ ਸ਼ੁਰੂ ਹੋਈ ਹੈ। ਉਹ ਉਨ੍ਹਾਂ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਦੇ ਲਈ ਪਾਕਿਸਤਾਨ 'ਤੇ ਦਬਾਅ ਪਾ ਰਿਹਾ ਹੈ। ਪਾਕਿਸਤਾਨ ਦੇ ਤਿੰਨ ਵੱਡੇ ਅਧਿਕਾਰੀਆਂ ਦੇ ਨਾਂਅ ਉਜਾਗਰ ਨਾ ਕਰਦੇ ਹੋਏ ਇਸ ਦੀ ਪੁਸ਼ਟੀ ਕੀਤੀ ਹੈ। ਚੀਨ ਪਾਕਿਸਤਾਨ 'ਤੇ ਵਨ ਬੈਲਟ ਵਨ ਰੋਡ ਪ੍ਰੋਜੈਕਟ 'ਤੇ ਅੱਗੇ ਵਧਣ ਦੇ ਲਈ ਦਬਾਅ ਪਾ ਰਿਹਾ ਹੈ।

# ਸਪੇਨ ਭੇਜੇ ਮੁੰਡੇ ਦੀ ਸਰਬੀਆ 'ਚ ਲਾਸ਼ ਮਿਲੀ

ਪਟਿਆਲਾ, 1 ਅਕਤੂਬਰ (ਪੋਸਟ ਬਿਊਰੋ)- ਟਰੈਵਲ ਏਜੰਟਾਂ ਨੂੰ 5.5 ਲੱਖ ਰੁਪਏ ਦੇ ਕੇ ਸਪੇਨ ਭੇਜੇ ਘਮਾਂਡ ਕਸਬੇ ਦੇ ਨੌਜਵਾਨ ਰਣਦੀਪ (27) ਦੀ ਸਰਬੀਆ ਦੇ ਇਕ ਦਰਿਆ 'ਚੋਂ ਲਾਸ਼ ਮਿਲੀ ਹੈ। ਉਹ ਤਿੰਨ ਮਹੀਨੇ ਪਹਿਲਾਂ ਘਰੋਂ ਗਿਆ ਸੀ। ਉਹ ਕਈ ਮੁਕਾਬਲੇ ਦੀਆਂ ਪ੍ਰੀਖਿਆ ਦੇ ਚੁੱਕਾ ਸੀ, ਪਰ ਨੌਕਰੀ ਨਹੀਂ ਸੀ ਮਿਲਦੀ। ਨਿਰਾਸ਼ ਹੋ ਕੇ ਟ੍ਰੈਵਲ ਏਜੰਟਾਂ ਦੇ ਝਾਂਸੇ ਵਿੱਚ ਆ ਗਿਆ। ਏਜੰਟਾਂ ਨੇ ਰਣਦੀਪ ਨੂੰ ਸਪੇਨ ਭੇਜਣ ਲਈ ਉਸ ਕੋਲੋਂ ਸਾਢੇ ਪੰਜ ਲੱਖ ਰੁਪਏ ਐਡਵਾਂਸ ਲੈ ਲਏ। ਕਰੀਬ ਤਿੰਨ ਮਹੀਨੇ ਪਹਿਲਾਂ ਉਹ ਸਪੇਨ ਜਾਣ ਲਈ ਘਰੋਂ ਏਜੰਟ ਨਾਲ ਨਿਕਲਿਆ।

ਮਿਲੀ ਜਾਣਕਾਰੀ ਅਨੁਸਾਰ ਏਜੰਟ ਉਸ ਨੂੰ ਸਰਬੀਆ ਲੈ ਗਏ। ਉਹ ਉਸ ਨੂੰ ਸੜਕ ਰਸਤੇ ਸਪੇਨ ਭੇਜਣ ਦੀ ਯੋਜਨਾ ਸੀ। ਇਕ ਮਹੀਨੇ ਤੋਂ ਪਰਵਾਰ ਦੀ ਰਣਦੀਪ ਨਾਲ ਕੋਈ ਗੱਲਬਾਤ ਨਹੀਂ ਹੋ ਰਹੀ ਸੀ। ਇੰਟਰਪੋਲ ਨੇ ਪੁਲਸ ਨੂੰ ਜਾਣਕਾਰੀ ਦਿੱਤੀ ਹੈ ਕਿ ਰਣਦੀਪ ਦੀ ਲਾਸ਼ ਸਰਬੀਆ ਦੇ ਇਕ ਦਰਿਆ 'ਚੋਂ ਮਿਲੀ ਹੈ। ਥਾਣਾ ਜੁਲਕਾਂ 'ਚ ਪਟਿਆਲਾ ਦੇ ਤਿੰਨ ਟਰੈਵਲ ਏਜੰਟ ਪਿੰਡ ਬਾਸਪਾ ਦੇ ਹੈਪੀ ਤੇ ਸੁਖਦੇਵ ਸਿੰਘ, ਘੱਟਾ ਦੇ ਦਵਿੰਦਰ ਸਿੰਘ ਤੇ ਹਰਿਆਣਾ ਦੇ ਪਾਣੀਪਤ ਦੇ ਨਵਦੀਪ ਸਿੰਘ ਖਿਲਾਫ ਧੋਖਾਧੜੀ ਤੇ ਮਨੁੱਖੀ ਤਸਕਰੀ ਦਾ ਕੇਸ ਦਰਜ ਕੀਤਾ ਹੈ।

# ਵੇਈਂ 'ਚ ਛਾਲ ਮਾਰ ਕੇ ਡੁੱਬ ਗਿਆ ਇੱਕ ਜਣਾ

ਕਪੂਰਥਲਾ, 1 ਅਕਤੂਬਰ (ਪੋਸਟ ਬਿਊਰੋ)- ਕਪੂਰਥਲਾ ਤੋਂ ਸੁਭਾਨਪੁਰ ਰੋਡ 'ਤੇ ਪੈਂਦੇ ਕਾਂਜਲੀ ਪੁਲ 'ਤੇ ਇਕ ਵਿਅਕਤੀ ਨੇ ਕਾਲੀ ਵੇਈਂ ਵਿੱਚ ਪੁਲ ਤੋਂ ਛਾਲ ਮਾਰ ਦਿੱਤੀ। ਪਾਣੀ ਦਾ ਤੇਜ਼ ਵਹਾਅ ਹੋਣ ਕਾਰਨ ਉਹ ਰੁੜ ਗਿਆ। ਪਿੰਡ ਵਜੋਲਾ ਦਾ ਰਹਿਣਾ ਵਾਲਾ ਬਚਨ ਸਿੰਘ ਪਿੰਡ ਔਜਲਾ ਵਿੱਚ ਆਲੂਆਂ ਦੀ ਲੇਬਰ ਦਾ ਕੰਮ ਕਰਦਾ ਸੀ। ਰਾਤ ਨੂੰ ਕਰੀਬ ਆਲੂਆਂ ਦੀਆਂ ਦੋ ਗੱਡੀਆਂ ਭਰਨ ਤੋਂ ਬਾਅਦ ਜਦੋਂ ਉਹ ਔਜਲਾ ਤੋਂ ਵਾਪਸ ਆਪਣੇ ਪਿੰਡ ਵਜੋਲਾ ਆ ਰਿਹਾ ਸੀ ਤਾਂ ਉਸ ਦੇ ਨਾਲ ਮੋਟਰ ਸਾਈਕਲ 'ਤੇ ਉਸ ਦੇ ਤਾਏ ਦਾ ਲੜਕਾ ਹਰਦੇਵ ਸਿੰਘ ਅਤੇ ਇਕ ਹੋਰ ਬੀਰਾ ਰਾਮ ਆ ਰਹੇ ਸਨ। ਜਦੋਂ ਉਹ ਕਾਂਜਲੀ ਪੁਲ 'ਤੇ ਪਹੁੰਚੇ ਤਾਂ ਬਚਨ ਸਿੰਘ ਨੇ ਉਨ੍ਹਾਂ ਨੂੰ ਮੋਟਰ ਸਾਈਕਲ ਰੋਕ ਕੇ ਬਾਥਰੂਮ ਕਰਨ ਲਈ ਕਿਹਾ। ਉਸ ਦੇ ਨਾਲ ਦੇ ਸਾਥੀਆਂ ਨੇ ਮੋਟਰ ਸਾਈਕਲ ਰੋਕ ਦਿੱਤਾ ਤੇ ਉਸ ਦੇ ਸਾਥੀ ਵੀ ਬਾਥਰੂਮ ਕਰਨ ਲੱਗ ਪਏ ਅਤੇ ਬਚਨ ਸਿੰਘ ਨੇ ਪੁਲ ਤੋਂ ਪਾਣੀ ਵਿੱਚ ਛਾਲ ਮਾਰ ਦਿੱਤੀ ਅਤੇ ਜ਼ਿਆਦਾ ਪਾਣੀ ਹੋਣ ਕਾਰਨ ਉਹ ਪਾਣੀ ਵਿੱਚ ਡੁੱਬ ਗਿਆ। ਉਸ ਦੇ ਸਾਥੀਆਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਤੇ ਪੁਲਸ ਨੇ ਗੋਤਾਖੋਰਾਂ ਦੀ ਮਦਦ ਨਾਲ ਪਾਣੀ ਵਿੱਚ ਡੁੱਬੇ ਬਚਨ ਸਿੰਘ ਦੀ ਭਾਲ ਸ਼ੁਰੂ ਕਰ ਦਿੱਤੀ। ਇੰਸਪੈਕਟਰ ਹਰਗੁਰ-ਦੇਵ ਸਿੰਘ ਨੇ ਦੱਸਿਆ ਕਿ ਲੋਕਲ ਗੋਤਾਖੋਰਾਂ ਵੱਲੋਂ ਭਾਲ ਕਰਨ 'ਤੇ ਨਾ ਮਿਲਣ ਕਾਰਨ ਉਨ੍ਹਾਂ ਵੱਲੋਂ ਪੀ ਏ ਪੀ ਤੋਂ 15 ਤਜਰਬੇਕਾਰ ਗੋਤਾਖੋਰਾਂ ਨੂੰ ਸੱਦਿਆ ਗਿਆ, ਜਿਨ੍ਹਾਂ ਕੋਲ ਆਕਸੀਜਨ ਵਾਲੇ ਸਿਲੰਡਰ ਅਤੇ ਹੋਰ ਵੀ ਸਾਮਾਨ ਹੈ।

# ਰੋਹਤਾਂਗ ਟਨਲ ਤੋਂ ਹੁੰਦੇ ਹੋਏ ਲੇਹ ਤੱਕ ਦਾ ਰਸਤਾ ਗੱਡੀਆਂ ਲਈ ਜੋੜ ਦਿੱਤਾ ਗਿਆ

ਮਨਾਲੀ, 1 ਅਕਤੂਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਮਨਾਲੀ ਤੋਂ ਲੇਹ ਤੱਕ ਦਾ ਸੰਪਰਕ ਬੀ ਆਰ ਓ ਨੇ ਕੱਲ੍ਹ ਜੋੜ ਦਿੱਤਾ ਹੈ। ਰੋਹਤਾਂਗ ਟਨਲ ਤੋਂ ਹੋ ਕੇ ਲੇਹ ਜਾਣ ਲਈ ਛੋਟੀਆਂ ਵੱਡੀਆਂ ਸਭ ਗੱਡੀਆਂ ਜਾਣਗੀਆਂ, ਜਦੋਂ ਰੋਹਤਾਂਗ ਮਾਰਗ ਬਹਾਲ ਹੋ ਜਾਵੇਗਾ ਤਾਂ ਗੱਡੀਆਂ ਨੂੰ ਰੋਹਤਾਂਗ ਦਰਾਂ ਤੋਂ ਹੋ ਕੇ ਭੇਜਿਆ ਜਾਵੇਗਾ। ਰੋਹਤਾਂਗ ਟਨਲ ਤੋਂ ਲੈ ਕੇ ਸਰਚੂ ਤੱਕ ਸੜਕ 'ਤੇ ਪਈ ਬਰਫ ਹਟਾਉਣ ਵਿੱਚ ਸੀਮਾ ਸੜਕ ਸੰਗਠਨ ਨੇ ਕਾਮਯਾਬੀ ਹਾਸਲ ਕੀਤੀ ਹੈ।




ਬੀ ਆਰ ਓ (ਬਾਰਡਰ ਰੋਡ ਆਰਗੇਨਾਈਜ਼ੇਸ਼ਨ) ਰੋਹਤਾਂਗ ਦੇ ਰਸਤੇ ਨੂੰ ਬਹਾਲ ਕਰਨ ਵਿੱਚ ਲੱਗਾ ਹੋਇਆ ਹੈ ਪਰ ਵਾਰ-ਵਾਰ ਖਰਾਬ ਹੋ ਰਹੇ ਦੱਰਰੇ ਦੇ ਮੌਸਮ ਨੇ ਜਵਾਨਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਕੱਲ੍ਹ ਸ਼ਾਮ ਰੋਹਤਾਂਗ ਦੱਰਰੇ ਉਤੇ ਹਲਕੀ ਬਰਫਬਾਰੀ ਹੋਈ ਤਾਂ ਅਜਿਹੇ ਵਿੱਚ ਖਰਾਬ ਮੌਸਮ ਦੇ ਵਿਚਾਲੇ ਇਥੇ ਸੜਕ ਤੋਂ ਬਰਫ ਹਟਾਉਣਾ ਬੀ ਆਰ ਓ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਸੀ। ਬੀ ਆਰ ਓ ਦੇ ਕਮਾਂਡਰ ਕਰਨਲ ਏ ਕੇ ਅਵਸਥੀ ਨੇ ਦੱਸਿਆ ਕਿ ਰਾਤ ਇਕ ਵਜੇ ਤੱਕ ਬਾਰਾਲਾਚਾ ਸੜਕ 'ਤੇ ਬਰਫ ਹਟਾਉਂਦੇ ਹੋਏ ਜਵਾਨ ਸਰਚੂ ਤੱਕ ਪਹੁੰਚੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਸੜਕ ਦੇ ਬਹਾਲ ਹੋ ਜਾਣ ਨਾਲ ਇਥੇ ਫਸੀਆਂ ਗੱਡੀਆਂ ਨੂੰ ਕੇਲਾਂਗ ਆਸਾਨੀ ਨਾਲ ਪਹੁੰਚਾਇਆ ਜਾ ਰਿਹਾ ਹੈ।

ਉਧਰ ਲਾਹੌਲ ਸਪੀਤੀ ਵੱਲੋਂ ਵੀ ਬਰਫ ਹਟਾਉਣ ਦਾ ਕਾਰਜ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਮਨਾਲੀ ਦੇ ਐਸ ਡੀ ਐਮ ਰਮਨ ਘਰਸੰਗੀ ਨੇ ਕਿਹਾ ਕਿ ਲਾਹੌਲ ਅਤੇ ਰੋਹਤਾਂਗ ਜਾਣ ਵਾਲੀਆਂ ਗੱਡੀਆਂ ਨੂੰ ਮੌਸਮ ਦੇ ਹਾਲਾਤ ਦੇਖ ਕੇ ਗੁਲਾਬਾ ਬੈਰੀਅਰ ਤੋਂ ਅੱਗੇ ਭੇਜਿਆ ਜਾ ਰਿਹਾ ਹੈ। ਆਨਲਾਈਨ ਪਰਮਿਟ ਪ੍ਰਾਪਤ ਸੈਲਾਨੀਆਂ ਦੀ ਰੋਹਤਾਂਗ ਆਵਾਜਾਈ ਅਜੇ ਮਾਰਗ ਬਹਾਲ ਹੋਣ ਦੀ ਸਥਿਤੀ ਅਤੇ ਮੌਸਮ 'ਤੇ ਨਿਰਭਰ ਕਰੇਗੀ। ਡਿਪਟੀ ਡਾਇਰੈਕਟਰ ਟੂਰਿਜ਼ਮ ਵਿਭਾਗ ਕੁੱਲੂ ਬੀ ਸੀ ਨੇਗੀ ਨੇ ਸੈਲਾਨੀਆਂ ਤੇ ਟ੍ਰੈਕਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਭਾਗ ਵੱਲੋਂ ਰਜਿਸਟਰਡ ਟਰੈਵਲ ਏਜੰਸੀਆਂ ਦੇ ਜ਼ਰੀਏ ਹੀ ਟ੍ਰੈਕਿੰਗ ਉੱਤੇ ਜਾਣ, ਤਾਂ ਕਿ ਸੁਰੱਖਿਆ ਬਣੀ ਰਹੇ।

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਜੇ ਬਰੈਂਪਟਨ ਖਤਰੇ ਵਿੱਚ ਹੈ ਤਾਂ ਹੱਲ ਲਈ ਕੌਣ ਖੜ੍ਹਾ ਹੈ?



Larry Beasley with City council Brampton



Brampton city session Vision 2040

...ਪੰਨਾ 1 ਦਾ ਬਾਕੀ

ਬਰੈਂਪਟਨ ਲਈ ਅਗਲੇ 40 ਸਾਲਾਂ ਵਾਸਤੇ ਇੱਕ ਸਾਵੀਂ, ਵਿਕਾਸਮੁਖੀ ਅਤੇ ਲੋਕ ਕਲਿਆਣ ਦੇ ਉਦੇਸ਼ ਨੂੰ ਲੈ ਕੇ ਇੱਕ ਠੋਸ ਅਤੇ ਅਸਰਦਾਰ ਦੂਰਦ੍ਰਿਸ਼ਟੀ ਪੈਦਾ ਕਰਨ ਲਈ ਵਰਤਮਾਨ ਕਾਉਂਸਲ ਵੱਲੋਂ 2017-18 ਵਿੱਚ ਵੱਡੇ ਪੱਧਰ ਉੱਤੇ ਇੱਕ ਮੁਹਿੰਮ ਚਲਾਈ ਗਈ। ਇਸ ਮੁਹਿੰਮ ਨੂੰ ਸਫ਼ਲ ਕਰਨ ਲਈ ਬਰੈਂਪਟਨ ਵਾਸੀਆਂ ਦੇ ਟੈਕਸਾਂ ਵਿੱਚ ਰੰਗ ਮਾਣ ਰਹੀ ਕਾਉਂਸਲ ਵੱਲੋਂ ਅੰਤਰਰਾਸ਼ਟਰੀ ਪੱਧਰ ਦੇ ਪਲਾਨਿੰਗ ਅਤੇ ਅਰਬਨ ਡੀਜ਼ਾਈਨਰ ਲੈਰੀ ਬੀਸਲੇ (LARRY BEASLEY) ਨੂੰ ਲਿਆਂਦਾ ਗਿਆ। ਲੈਰੀ ਬੀਸਲੇ ਉਹ ਮਹਾਨ ਅਰਬਨ ਡੀਜ਼ਾਈਨ ਹੈ ਜਿਸਦੇ ਪ੍ਰੋਜੈਕਟਾਂ ਵਿੱਚ ਡਾਲਾਸ (ਟੈਕਸਸ), ਆਬੂ ਧਾਬੀ, ਮਾਸਕੋ ਅਤੇ ਵੈਨਕੂਵਰ ਦਾ ਅਰਬਨ ਡੀਜ਼ਾਈਨ ਕਰਨਾ ਸ਼ਾਮਲ ਹੈ। ਉਹ ਆਸਟਰੀਆ ਤੋਂ ਲੈ ਕੇ ਕੈਨੇਡਗ ਦੀ ਕੌਮੀ ਅਰਬਨ ਡੀਜ਼ਾਈਨ ਕਮੇਟੀ ਦਾ ਮੁਖੀ ਰਹਿ ਚੁੱਕਾ ਹੈ। ਕਿਸੇ ਕੱਲੀ ਕਾਰੀ ਈਵੈਂਟ ਭਾਸ਼ਣ ਕਰਨ ਦੀ ਲੈਰੀ ਦੀ ਕਿੰਨੀ ਫੀਸ ਹੈ, ਇਸ ਬਾਰੇ ਦੱਸਣਾ ਬਹੁਤ ਮੁਸ਼ਕਲ ਹੈ। ਪਰ ਨੈਸ਼ਨਲ ਪੋਸਟ ਦਾ ਇੱਕ ਆਰਟੀਕਲ ਉਸਨੂੰ ਬਿੱਲ ਕਲਿੰਟਨ, ਹਿਲਰੀ ਕਲਿੰਟਨ, ਬਰਾਇਨ ਮੁਲਰੋਨੀ, ਜਸਟਿਨ ਟਰੂਡੋ (ਜਿਸ ਵੇਲੇ ਟਰੂਡੋ ਹੋਰੀਂ ਇੱਕ ਤਕਰੀਰ ਦੇ 20 ਹਜ਼ਾਰ ਡਾਲਰ ਲੈਂਦੇ ਸਨ) ਆਦਿ ਦੀ ਸ਼੍ਰੈਣੀ ਵਿੱਚ ਰੱਖਦਾ ਹੈ। ਵੈਸੇ ਕਲਿੰਟਨਾਂ ਅਤੇ ਮੁਲਰੋਨੀਆਂ ਦੀ ਫੀਸ ਲੱਖਾਂ ਵਿੱਚ ਹੈ।

ਅਜਿਹੇ ਲਾਮਿਸਾਲ ਅਤੇ ਮਹਿੰਗੇ ਡੀਜ਼ਾਈਨਰ ਲੈਰੀ ਬੀਸਲੇ ਨੇ ਸਤੰਬਰ 2017 ਤੋਂ ਆਰੰਭ ਕਰਕੇ ਕਈ ਮਹੀਨਿਆਂ ਤੱਕ ਚੱਲੇ ਅਭਿਆਨ ਰਾਹੀਂ ਬਰੈਂਪਟਨ ਲਈ 100 ਪੰਨਿਆਂ ਦਾ 2040 ਵਿਜ਼ਨ (Brampton 2040 vision) ਦਸਤਾਵੇਜ਼ ਤਿਆਰ ਕੀਤਾ। ਇਸ ਦਸਤਾਵੇਜ਼ ਨੂੰ ਤਿਆਰ ਕਰਨ ਉੱਤੇ ਕਿੰਨੇ ਲੱਖ ਡਾਲਰ ਖਰਚ ਹੋਏ, ਇਸ ਬਾਰੇ ਕੋਈ ਅਨੁਮਾਨ ਨਹੀਂ। ਇੱਕ ਸਿਟੀ ਉਮੀਦਵਾਰ ਨੇ 1 ਮਿਲੀਅਨ ਡਾਲਰ ਦਾ ਅਨੁਮਾਨ ਲਾਇਆ ਜਦੋਂ ਕਿ ਕਈ ਹੋਰ ਇਸ ਖਰਚੇ ਦਾ ਅਨੁਮਾਨ ਇਸਤੋਂ ਕਿਤੇ ਵੱਧ ਦੱਸਦੇ ਹਨ।

ਇਸ ਦਸਤਾਵੇਜ਼ ਵਿੱਚ ਦਰਜ਼ ਕੀਤਾ ਗਿਆ ਹੈ ਕਿ ਆਪਣੇ ਵਿਕਾਸ ਲਈ ਅੱਜ ਸਫ਼ਰ ਆਰੰਭ ਕਰਕੇ ਸਾਲ 2040 ਤੱਕ ਬਰੈਂਪਟਨ ਕਿਸ ਮੁਕਾਮ ਉੱਤੇ ਪੁੱਜ ਜਾਵੇਗਾ। ਬਹੁਤ ਹੀ ਅਨੋਖੀਆਂ, ਦਿਲ-ਲੁਭਾਵਣੀਆਂ ਅਤੇ ਬਰੈਂਪਟਨ ਵਾਸੀਆਂ ਨੂੰ ਕਿਸੇ ਪਰੀ ਦੇਸ਼ ਵਿੱਚ ਸੁਰਗਾਂ ਦੇ ਝੂਟੇ ਲੈਣ ਲਈ ਤਿਆਰ ਰਹਿਣ ਵਾਸਤੇ ਹੋਕਾਂ ਦੇਂਦੀਆਂ ਗੱਲਾਂ ਬਰੈਂਪਟਨ 2040 ਵਿਜ਼ਨ ਦਸਤਾਵੇਜ਼ ਵਿੱਚ ਦਰਜ਼ ਹੋਈਆਂ ਹਨ। ਜੇ ਗੱਲਾਂ ਨਾਲ ਬਹਿਸ਼ਤ ਵੱਸਦੀ ਹੋਵੇ ਤਾਂ ਇਸ ਦਸਤਾਵੇਜ਼ ਵਿੱਚ ਸ਼ਬਦਾਂ ਦੀ ਤਾਮੀਰਦਾਰੀ ਬਹਿਸ਼ਤ ਦਾ ਹੂਟਾ ਦੁਆਉਣ ਵਿੱਚ ਕਸਰ ਨਹੀਂ ਛੱਡਦੀ। ਆਖਰ ਨੂੰ ਇਹ ਲੈਰੀ ਬੀਸਲੇ ਦਾ ਪ੍ਰੋਜੈਕਟ ਜੋ ਹੋਇਆ।

ਵਿਜ਼ਨ 2040 ਨੂੰ ਤਿਆਰ ਕਰਨ ਲਈ 13000 ਬਰੈਂਪਟਨ ਵਾਸੀਆਂ ਨੇ ਇੱਕ ਜਾਂ ਦੂਜੇ ਮੋੜ ਉੱਤੇ ਆਪਣਾ ਯੋਗਦਾਨ ਪਾਇਆ ਜਿਹਨਾਂ ਵਿੱਚੋਂ 11000 ਲੋਕਾਂ ਨੇ ਵਿਸ਼ੇਸ਼ ਟਿੱਪਣੀਆਂ ਅਤੇ ਬਿਆਨ ਦਰਜ਼ ਕਰਵਾਏ। 20 ਵਰਕ ਸੈਸ਼ਨ ਕਰਵਾਏ ਗਏ, 65 ਕਮਿਉਨਿਟੀ ਈਵੈਂਟਾਂ ਵਿੱਚ ਸਿਟੀ ਹਾਲ ਦੇ ਕਰਮਚਾਰੀਆਂ ਵੱਲੋਂ ਹਿੱਸਾ ਲਿਆ ਗਿਆ, ਕੈਨੇਡਾ ਦੇ ਜਾਣੇ ਪਹਿਚਾਣੇ ਅਰਬਨ ਡੀਵੇਲਪਰਾਂ ਅਤੇ ਪ੍ਰੋਫੈਸਰਾਂ ਨਾਲ ਸੈਸ਼ਨ ਕੀਤੇ ਗਏ, 4 ਲੱਖ 20 ਹਜ਼ਾਰ ਦੇ ਕਰੀਬ ਫੇਸਬੁੱਕ, ਟਵਿੱਟਰ ਉੱਤੇ ਕਾਮੈਂਟ ਪ੍ਰਾਪਤ ਕੀਤੇ ਗਏ, 1300 ਲੋਕਾਂ ਨੇ ਵੈੱਬਸਾਈਟ ਉੱਤੇ ਜਾ ਕੇ ਖਿਆਲਾਂ ਦਾ ਯੋਗਦਾਨ ਪਾਇਆ। ਐਨੇ ਵੱਡੇ ਘੋਲ ਤੋਂ ਬਾਅਦ ਬਰੈਂਪਟਨ ਵਿਜ਼ਨ 2040 ਤਿਆਰ ਹੋਇਆ ਪਰ??

ਪਰ ਹੈਰਾਨੀ ਦੀ ਗੱਲ ਹੈ ਕਿ ਕੋਈ ਉਮੀਦਵਾਰ ਇਸ ਦਸਤਾਵੇਜ਼ ਬਾਰੇ ਗੱਲ ਤੱਕ ਨਹੀਂ ਕਰ ਰਿਹਾ। ਕਿਸੇ ਉਮੀਦਵਾਰ ਦੀ ਵੈੱਬਸਾਈਟ ਉੱਤੇ ਇਸਦਾ ਜ਼ਿਕਰ ਨਹੀਂ ਹੈ, ਕਿਸੇ ਦੇ ਫਲਾਇਰ ਉੱਤੇ ਬਰੈਂਪਟਨ 2040 ਨਾਮਕ ਜਾਨਵਰ ਦੀ ਤਸਵੀਰ ਨਹੀਂ ਹੈ ਅਤੇ ਕਿਸੇ ਚੋਣ ਈਵੈਂਟ ਵਿੱਚ, ਵੋਟਰਾਂ ਨਾਲ ਗੱਲਬਾਤ ਦੌਰਾਨ, ਮੀਡੀਆ ਵਿੱਚ ਕਿਸੇ ਮੇਅਰ ਅਹੁਦੇ ਲਈ ਉਮੀਦਵਾਰ, ਰੀਜਨਲ ਕਾਉਂਸਲ ਜਾਂ ਸਿਟੀ ਕਾਉਂਸਲ ਲਈ ਉਮੀਦਵਾਰ ਵੱਲੋਂ ਇਸ ਦਸਤਾਵੇਜ਼ ਬਾਰੇ ਗੱਲ ਤੱਕ ਨਹੀਂ ਕੀਤੀ ਜਾ ਰਹੀ। ਅਜਿਹਾ ਹੋਣਾ ਉਮੀਦਵਾਰਾਂ ਦੇ ਅਗਿਆਨ ਦੀ ਨਿਸ਼ਾਨੀ ਹੈ? ਜਾਂ ਇਹ ਸ਼ਾਤਰ ਸਿਆ-ਸਤਦਾਨ ਜਾਣਬੁੱਝ ਕੇ ਇਸਦਾ ਜ਼ਿਕਰ ਨਹੀਂ ਕਰ ਰਹੇ ਜਾਂ ਫੇਰ ਇਹ ਲੀਡਰ ਲੋਕਾਂ ਨੂੰ ਮੂਰਖ ਸਮਝ ਰਹੇ ਹਨ? ਇਹਨਾਂ ਵਿੱਚੋਂ ਕਾਰਣ ਕੋਈ ਵੀ ਹੋਵੇ ਪਰ ਇਸ ਬਾਰੇ ਚੁੱਪ ਸ਼ਰਤੀਆ ਹੀ ਬਰੈਂਪਟਨ ਵੱਲੋਂ ਵਰਤਮਾਨ ਵਿੱਚ ਭੁਗਤੇ ਜਾ ਰਹੇ ਸੰਤਾਪ ਦੀ ਇੱਕ ਨਿਸ਼ਾਨੀ ਹੈ।

ਕੱਲ ਨੂੰ ਅਸੀਂ ਬਰੈਂਪਟਨ 2040 ਵਿਜ਼ਨ ਦਸਤਾਵੇਜ਼ ਦੇ ਕੁੱਝ ਚੋਣਵੇਂ ਸ਼ਬਦਾਂ ਦਾ ਹੂਬਹੂ ਉਲੱਥਾ ਛਾਪ ਕੇ ਆਪਣੀ ਗੱਲ ਨੂੰ ਅੱਗੇ ਤੋਰਾਂਗੇ। ਇਸਤੋਂ ਅਗਲੇ ਦਿਨਾਂ ਵਿੱਚ 2040 ਵਿਜ਼ਨ ਦੇ ਵੱਖ 2 ਪਹਿਲੂਆਂ ਦੀ ਪੜਚੋਲ ਕਰਨੀ ਜਾਰੀ ਰੱਖਾਂਗੇ। ਇਸ ਦਸਤਾਵੇਜ਼ ਦੀ ਇੱਕ ਲਾਈਨ ਦਾ ਅੱਜ ਜ਼ਿਕਰ ਕਰਨਾ ਲਾਜ਼ਮੀ ਬਣਦਾ ਹੈ ਤਾਂ ਜੋ ਕੱਲ ਨੂੰ ਲਿਖੇ ਜਾਣ ਵਾਲੇ ਆਰਟੀਕਲ ਲਈ ਲੜੀ ਨੂੰ ਬਰਕਰਾਰ ਰੱਖਿਆ ਜਾ ਸਕੇ:

**'ਬਰੈਂਪਟਨ ਖਤਰੇ ਵਿੱਚ ਹੈ'।**

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282
Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia - Gyan Singh - Angrej Singh
Office Admin Assistant - Priya Sodhi
Marketing Executives - HS Nagpal - Gurpreet Singh Pall -
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਤਿੰਨ ਪੜਾਵਾਂ ਵਿੱਚ ਕੀਤਾ ਜਾਵੇਗਾ ਸੈਕਸ ਐਜੂਕੇਸ਼ਨ ਸਬੰਧੀ ਸਲਾਹ-ਮਸ਼ਵਰਾ : ਲੀਜ਼ਾ ਥੌਂਪਸਨ

...ਪੰਨਾ 1 ਦਾ ਬਾਕੀ

ਉਨ੍ਹਾਂ ਦੱਸਿਆ ਕਿ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਸਕੂਲ ਬੋਰਡਜ਼ ਨਾਲ ਸੰਪਰਕ ਕੀਤਾ ਸੀ। ਉਸ ਸਮੇਂ ਇਹ ਵੀ ਦੱਸਿਆ ਗਿਆ ਸੀ ਕਿ ਆਨਲਾਈਨ ਲਿਖਤੀ ਤੌਰ ਉੱਤੇ ਆਪਣੇ ਵਿਚਾਰ ਪ੍ਰਗਟਾਉਣ ਦਾ ਪੜਾਅ ਸ਼ੁਰੂ ਹੋ ਗਿਆ ਹੈ। ਇਸ ਤੋਂ ਬਾਅਦ ਸਰਵੇਖਣ ਤੇ ਟਾਊਨ ਹਾਲ ਵੇਰਵੇ ਅਗਲੇ ਹਫਤੇ ਜਾਂ ਦੋ ਕੁ ਹਫਤਿਆਂ ਵਿੱਚ ਸ਼ੁਰੂ ਹੋ ਜਾਣਗੇ। ਉਨ੍ਹਾਂ ਆਖਿਆ ਕਿ ਅਸੀਂ ਆਪਣੇ ਸਟੇਕਹੋਲਡਰਜ਼ ਤੇ ਸਾਡੇ ਸਕੂਲ ਬੋਰਡਜ਼ ਦਾ ਆਦਰ ਕਰਦੇ ਹਾਂ ਤੇ ਜਿਵੇਂ ਅਸੀਂ ਅੱਗੇ ਵਧਾਂਗੇ, ਖਾਸਤੌਰ ਉੱਤੇ ਆਨਲਾਈਨ ਸਰਵੇ ਵਿੱਚ, ਉਸ ਤੋਂ ਬਾਅਦ ਸਾਨੂੰ ਆਸ ਹੈ ਕਿ ਅਸੀਂ ਕੁੱਝ ਵਧੀਆ ਐਲਾਨ ਸਕਾਂਗੇ। ਜ਼ਿਕਰਯੋਗ ਹੈ ਕਿ ਚੋਣ ਕੈਂਪੇਨ ਦੌਰਾਨ ਪ੍ਰੀਮੀਅਰ ਡੱਗ ਫੋਰਡ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਸੈਕਸ ਐਜੂਕੇਸ਼ਨ ਦੇ ਪਾਠਕ੍ਰਮ ਨੂੰ ਖਤਮ ਕਰ ਦੇਣਗੇ। ਇਸ ਸਮੇਂ ਐਲੀਮੈਂਟਰੀ ਸਕੂਲ ਉਹੀ ਪਾਠਕ੍ਰਮ ਪੜ੍ਹਾ ਰਹੇ ਹਨ ਜਿਹੜਾ 1998 ਵਿੱਚ ਪੇਸ਼ ਕੀਤਾ ਗਿਆ ਸੀ ਤੇ 2014 ਤੱਕ ਪੜ੍ਹਾਇਆ ਜਾਂਦਾ ਰਿਹਾ ਹੈ। ਇਸ ਵਿੱਚ ਥੋੜ੍ਹੀ ਬਹੁਤ ਸੋਧ ਵੀ ਕੀਤੀ ਗਈ ਹੈ।


# ਟੈਲੀਕਾਮ ਕੰਪਨੀਆਂ ਨੂੰ ਆਧਾਰ ਕਾਰਡ ਦਾ ਬਦਲ ਲੱਭਣ ਨੂੰ ਕਹਿ ਦਿੱਤਾ ਗਿਆ

ਨਵੀਂ ਦਿੱਲੀ, 1 ਅਕਤੂਬਰ, (ਪੋਸਟ ਬਿਊਰੋ)- ਆਧਾਰ ਕਾਰਡ ਦੇ ਨੰਬਰ ਦੀ ਵਰਤੋਂ ਉੱਤੇ ਸੁਪਰੀਮ ਕੋਰਟ ਵੱਲੋਂ ਰੋਕਾਂ ਲਾ ਦੇਣ ਤੋਂ ਕੁਝ ਦਿਨ ਬਾਅਦ ਆਧਾਰ ਕਾਰਡ ਅਥਾਰਟੀ (ਯੂ ਆਈ ਡੀ ਏ ਆਈ) ਨੇ ਟੈਲੀਕਾਮ ਕੰਪਨੀਆਂ ਨੂੰ ਅਗਲੇ 15 ਦਿਨਾਂ ਅੰਦਰ ਅਜਿਹੀ ਯੋਜਨਾ ਤਿਆਰ ਕਰ ਕੇ ਪੇਸ਼ ਕਰਨ ਨੂੰ ਕਿਹਾ ਹੈ, ਜਿਸ ਦੇ ਨਾਲ ਗ੍ਰਾਹਕਾਂ ਦੀ ਸਰਟੀਫਿਕੇਸ਼ਨ ਲਈ 12 ਨੰਬਰਾਂ ਦੇ ਇਸ ਵਿਲੱਖਣ ਆਈ ਡੀ ਨੰਬਰ ਦੀ ਵਰਤੋਂ ਬੰਦ ਕੀਤੀ ਜਾ ਸਕੇ।



ਮਿਲੀ ਜਾਣਕਾਰੀ ਅਨੁਸਾਰ ਇਸ ਸਬੰਧ ਵਿੱਚ ਭਾਰਤੀ ਏਅਰਟੈੱਲ, ਰਿਲਾਇੰਸ ਜੀਓ, ਵੋਡਾਫੋਨ ਆਈਡੀਆ ਅਤੇ ਹੋਰਨਾਂ ਟੈਲੀਕਾਮ ਸਰਵਿਸ ਪ੍ਰੋਵਾਈਡਰਜ਼ (ਟੀ ਐਸ ਪੀਜ਼) ਨੂੰ ਇਕ ਸਰਕੂਲਰ ਜਾਰੀ ਕਰ ਕੇ ਇਸ ਵਿੱਚ ਕਿਹਾ ਗਿਆ ਹੈ ਕਿ 'ਸਾਰੀਆਂ ਟੀ ਐਸ ਪੀਜ਼ ਨੂੰ ਮਿਤੀ 26 ਸਤੰਬਰ 2018 ਦੇ ਫ਼ੈਸਲੇ ਦੇ ਅਮਲ ਲਈ ਫੌਰੀ ਕਦਮ ਚੁੱਕਣ ਨੂੰ ਕਿਹਾ ਜਾਂਦਾ ਹੈ। ਇਸ ਬਾਰੇ ਆਧਾਰ ਨਾਲ ਸਬੰਧਤ ਸਰਟੀਫਿਕੇਸ਼ਨ ਸਿਸਟਮ ਦੀ ਵਰਤੋਂ ਬੰਦ ਕਰਨ ਲਈ ਟੀ ਐਸ ਪੀਜ਼ ਨੂੰ 15 ਅਕਤੂਬਰ 2018 ਤੱਕ ਕਾਰਜ ਯੋਜਨਾ ਜਾਂ ਨਿਕਾਸ ਯੋਜਨਾ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ...।' ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਪਿਛਲੇ ਹਫ਼ਤੇ ਆਧਾਰ ਕਾਰਡ ਦੇ ਕਾਨੂੰਨ ਦੀ ਧਾਰਾ 57 ਰੱਦ ਕਰ ਦਿੱਤੀ ਸੀ, ਜਿਸ ਨਾਲ ਪ੍ਰਾਈਵੇਟ ਕੰਪਨੀਆਂ ਨੂੰ 12 ਨੰਬਰਾਂ ਵਾਲੀ ਬਾਇਓਮੀਟ੍ਰਿਕ ਆਈ ਡੀ ਵਰਤਣ ਦੀ ਖੁੱਲ੍ਹ ਦਿੱਤੀ ਗਈ ਸੀ। ਇਸ ਤੋਂ ਬਾਅਦ ਟੈਲੀਕਾਮ ਅਪਰੇਟਰ ਅਤੇ ਹੋਰ ਪ੍ਰਾਈਵੇਟ ਕੰਪਨੀਆਂ ਇਸ ਸਰਲ ਅਤੇ ਸਸਤੀ ਆਧਾਰ ਸੇਵਾ ਨੂੰ ਨਹੀਂ ਵਰਤ ਸਕਦੀਆਂ ਅਤੇ ਪੁਰਾਣੀ ਕਾਗਜ਼ੀ ਦਸਤਾਵੇਜ਼ਾਂ ਦੀ ਤਕਨੀਕ ਵੱਲ ਪਰਤ ਸਕਦੀਆਂ ਹਨ, ਜਿਸ ਵਿੱਚ ਪਛਾਣ ਕਰਨ ਦੇ ਲਈ 24 ਤੋਂ 36 ਘੰਟੇ ਲੱਗ ਸਕਦੇ ਹਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
ਸੰਤ ਬਾਬਾ ਰੇਸ਼ਮ ਸਿੰਘ ਜੀ
(ਚੱਕ ਪੱਖੀ ਵਾਲੇ, ਨੇੜੇ ਜਲਾਲਾਬਾਦ, ਜਿਲ੍ਹਾ ਫਾਜਿਲਕਾ, ਫ਼ਿਰੋਜਪੁਰ)
ਟੋਰਾਂਟੋ ਪਹੁੰਚ ਚੁੱਕੇ ਹਨ
ਸਮੂਹ ਸੰਗਤਾਂ ਵਲੋਂ ਨੌਵਾਂ ਸਲਾਨਾ ਸਮਾਗਮ
ਸਹਿਜ ਪਾਠ ਸਾਹਿਬ ਅਤੇ ਆਖੰਡ ਪਾਠ ਸਾਹਿਬ ਜੀ ਦੀ ਲੜੀ ਚਲ ਰਹੀ ਹੈ
ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਸੰਤ ਬਾਬਾ ਰੇਸ਼ਮ ਸਿੰਘ ਜੀ ਚੱਕ ਪੱਖੀ ਵਾਲੇ, ਨੇੜੇ ਜਲਾਲਾਬਾਦ, ਜ਼ਿਲਾ ਫਾਜ਼ਿਲਕਾ, ਫਿਰੋਜ਼ਪੁਰ 21 September 2018 ਨੂੰ ਟੋਰਾਂਟੋ ਪਹੁੰਚ ਰਹੇ ਹਨ। ਬੇਅੰਤ ਸੰਗਤਾ ਬਾਬਾ ਜੀ ਪਾਸ ਗੁਰਬਾਣੀ ਉਪਦੇਸ਼ ਗ੍ਰਹਿਣ ਕਰਨ ਲਈ ਆ ਰਹੀਆਂ ਹਨ। ਸਮੂਹ ਸੰਗਤਾਂ ਵਲੋਂ ਨੌਂਵਾ ਸਲਾਨਾ ਸਮਾਗਮ ਸੰਗਤਾਂ ਵਲੋਂ ਅਖੰਡ ਪਾਠ ਜੀ ਦਾ ਪ੍ਰੋਗਰਾਮ
ਦਿਨ: 21-9-2018 ਨੂੰ ਅਰੰਭ ਹੋਣਗੇ।
ਭੋਗ: 23-9-2018 ਨੂੰ 10:00 ਵਜੇ ਸਵੇਰੇ।
ਦਿਨ: 24-9-2018 ਨੂੰ ਅਰੰਭ ਹੋਣਗੇ।
ਭੋਗ: 26-9-2018 ਨੂੰ 10:00 ਵਜੇ ਸਵੇਰੇ।
ਦਿਨ: 28-9-2018 ਨੂੰ ਅਰੰਭ ਹੋਣਗੇ।
ਭੋਗ: 30-9-2018 ਨੂੰ 10:00 ਵਜੇ ਸਵੇਰੇ।
ਦਿਨ: 1-10-2018 ਨੂੰ ਅਰੰਭ ਹੋਣਗੇ।
ਭੋਗ: 3-10-2018 ਨੂੰ 10:00 ਵਜੇ ਸਵੇਰੇ।
ਹਰ ਅਖੰਡ ਪਾਠ ਭੋਗ ਤੋਂ ਉਪਰੰਤ ਬਾਬਾ ਜੀ ਦੇ ਦੀਵਾਨ ਸਜਾਏ ਜਾਣਗੇ।। ਸਾਰੇ ਦਿਨਾਂ ਵਿਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਭ ਸੰਗਤਾਂ ਨੂੰ ਨਿਰਮਤਾ ਸਹਿਤ ਬੇਨਤੀ ਹੈ ਕਿ ਇਸ ਸੇਵਾ ਵਿਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਬਾਬਾ ਜੀ ਦੀ ਰਿਹਾਇਸ਼ 12435 Heartlake Rd, Caledon, Ontario, L7C 2K4 ਵਿਖੇ ਹੈ ਜਿੱਥੇ ਤੁਸੀਂ 905-290-1112 ਤੇ' ਸੰਪਰਕ ਕਰ ਸਕਦੇ ਹੋ ।



ਸਭ ਸੰਗਤਾਂ ਨੂੰ ਖੁੱਲਾ ਸੱਦਾ
ਭੋਗ ਉਪਰੰਤ ਗੁਰਬਾਣੀ ਕੀਰਤਨ ਹੋਵੇਗਾ ਅਤੇ ਬਾਬਾ ਜੀ ਗੁਰ ਸ਼ਬਦ ਦੀਆਂ ਵਿਚਾਰਾਂ ਕਰਨਗੇ। ਸਾਰੇ ਦਿਨਾ ਵਿੱਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸੇਵਾ ਵਿੱਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ
ਜ਼ਿਆਦਾ ਜਾਣਕਾਰੀ ਲਈ ਸ਼ਰਨਜੀਤ ਨਾਲ 416-779-9042, ਮਾਸਟਰ ਅਜੀਤ ਸਿੰਘ ਨਾਲ 416-903-3973, ਇਕਬਾਲ ਸਿੰਘ ਨਾਲ 416-708-2122 ਤੇ ਪ੍ਰਿੰਸ ਨਾਲ 416-725-5060, ਪ੍ਰਸੰਨ 6472360047, ਜੱਸਾ 437-992-5042, ਸੁਰਜੀਤ ਸਿੰਘ ਨਾਲ 647-227-1494, ਵਿੱਕੀ ਬਰਾੜ ਨਾਲ 709-763-0786 ਜਾਂ 416-873-0907 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

KARTAR FURNITURE




Email: kartarfurnitue@live.com
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Call Rajinder Singh 416.741.9657
69 Westmore Dr. #20
Etobicoke ON, M9V 3Y6

# ਭਾਰਤ ਕਈ ਅੜਚਨਾਂ ਕਾਰਨ ਨਹੀਂ ਬਣ ਸਕਦਾ ਹਿੰਦੂ ਰਾਸ਼ਟਰ

-ਆਕਾਰ ਪਟੇਲ-



2019 ਦੀਆਂ ਲੋਕ ਸਭਾ ਚੋਣਾਂ ਦੀ ਉਡੀਕ ਕਰ ਰਹੇ ਲੋਕਾਂ ਦੀ ਇੱਕ ਚਿੰਤਾ 'ਹਿੰਦੂ ਰਾਸ਼ਟਰ' ਦੀ ਹੈ। ਇਹ ਇੱਕ ਅਜਿਹੀ ਧਾਰਨਾ ਹੈ, ਜੋ ਭਾਰਤ ਨੂੰ ਮੌਜੂਦਾ ਸੰਵਿਧਾਨ, ਜੋ ਧਾਰਮਿਕ ਨਹੀਂ ਹੈ, ਤੋਂ ਧਾਰਮਿਕ ਵੱਲ ਨੂੰ ਲੈ ਜਾਵੇਗੀ। ਇਹ ਭਾਰਤ ਨੂੰ ਜ਼ਿਆਦਾ ਹਿੰਦੂ ਜਾਂ ਪੂਰੀ ਤਰ੍ਹਾਂ ਹਿੰਦੂ ਦੇਸ਼ ਬਣਾ ਦੇਵੇਗੀ। ਕੁਝ ਲੋਕਾਂ ਦੀ ਸੋਚ ਹੈ ਕਿ ਜੇ ਭਾਰਤੀ ਜਨਤਾ ਪਾਰਟੀ ਦੁਬਾਰਾ ਮੁਕੰਮਲ ਬਹੁਮਤ ਨਾਲ ਸੱਤਾ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੰਵਿਧਾਨ 'ਚ ਕੁਝ ਅਜਿਹੇ ਤੱਤ ਜੋੜਨ ਦੀ ਹਿੰਮਤ ਮਿਲੇਗੀ, ਜੋ ਦੇਸ਼ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਂਦੇ ਹੋਣ। ਮੈਨੂੰ ਨਹੀਂ ਲੱਗਦਾ ਕਿ ਇਹ ਸੰਭਵ ਹੋਵੇਗਾ। ਇਹ ਕਿਉਂ ਸੰਭਵ ਨਹੀਂ ਹੋਵੇਗਾ, ਮੈਂ ਉਸ ਦੀ ਵਿਆਖਿਆ ਕਰਦਾ ਹਾਂ।

ਮੈਂ ਆਪਣੀ ਗੱਲ ਇਥੋਂ ਸ਼ੁਰੂ ਕਰਨੀ ਚਾਹਾਂਗਾ ਕਿ ਨਿੰਜੀ ਅਧਿਕਾਰਾਂ ਦੇ ਪੱਖ ਤੋਂ ਇਸ ਗੱਲ ਦਾ ਕੋਈ ਖਾਸ ਫਰਕ ਨਹੀਂ ਪੈਂਦਾ ਕਿ ਕਿਹੜੀ ਪਾਰਟੀ ਦੇਸ਼ ਵਿੱਚ ਰਾਜ ਕਰ ਰਹੀ ਹੈ। ਮੈਂ ਜਿਸ ਸੰਗਠਨ ਦਾ ਹਿੱਸਾ ਰਿਹਾ ਹਾਂ, ਉਸ ਨੇ ਜੰਮੂ-ਕਸ਼ਮੀਰ 'ਚ ਦਹਾਕਿਆਂ ਤੱਕ ਕੰਮ ਕੀਤਾ ਹੈ ਤੇ ਤਾਕਤ ਦੀ ਲੋੜ ਤੋਂ ਵੱਧ ਵਰਤੋਂ ਅਤੇ ਫੌਜ ਲਈ ਸਜ਼ਾ ਦੀ ਘਾਟ ਅਜਿਹੀ ਚੀਜ਼ ਨਹੀਂ ਹੈ, ਜੋ ਹਾਲ ਹੀ ਵਿੱਚ ਵਾਪਰੀ ਹੋਵੇ ਅਤੇ ਨਾ ਹੀ ਉਹ ਇਸ ਸਰਕਾਰ ਦੀ ਦੇਣ ਹੈ। ਇਸੇ ਤਰ੍ਹਾਂ ਅਫਸਪਾ, ਉਹ ਕਾਨੂੰਨ ਜੋ ਫੌਜ ਨੂੰ ਸਾਡੀਆਂ ਅਦਾਲਤਾਂ ਵਿੱਚ ਮੁਕੱਦਮੇਬਾਜ਼ੀ ਤੋਂ ਬਚਾਉਂਦਾ ਹੈ, ਮੌਜੂਦਾ ਭਾਜਪਾ ਸਰਕਾਰ ਦੀ ਦੇਣ ਨਹੀਂ ਹੈ। ਸਰਕਾਰ ਵੱਲੋਂ ਦਮਨ ਪੁਰਾਣੀ ਗੱਲ ਹੈ।

ਭਾਰਤ ਦੇ ਕਮਜ਼ੋਰ ਤਬਕੇ, ਭਾਵੇਂ ਉਹ ਦਲਿਤ ਹੋਣ ਜਾਂ ਆਦੀਵਾਸੀ, ਮੁਸਲਿਮ ਹੋਣ ਜਾਂ ਹੋਰ ਘੱਟ-ਗਿਣਤੀ, ਦੇ ਅਧਿਕਾਰਾਂ ਨਾਲ ਸੰਬੰਧਤ ਕੋਈ ਵੀ ਮਸਲਾ ਨਵਾਂ ਨਹੀਂ। ਸਿਰਫ ਇੱਕ ਚੀਜ਼, ਜੋ ਇਸ ਸਰਕਾਰ ਦੀਆਂ ਨੀਤੀਆਂ ਕਾਰਨ ਜੁੜੀ ਹੈ, ਉਹ ਹੈ ਭੀੜ ਆਧਾਰਤ ਲਿੰਚਿੰਗ ਦੀ ਮਹਾਮਾਰੀ, ਪਰ ਇਸ ਤੋਂ ਇਲਾਵਾ ਹੋਰਨਾਂ ਚੀਜ਼ਾਂ ਵਿੱਚ ਕੋਈ ਬਦਲਾਅ ਨਹੀਂ ਹੈ। ਦੂਜਾ, ਕਿਸੇ ਵੀ ਉਸ ਵਿਅਕਤੀ ਵਾਂਗ, ਜੋ ਪਾਕਿ-ਸਤਾਨ ਗਿਆ ਹੋਵੇ ਅਤੇ ਜਿਸ ਨੇ ਕਈ ਸਾਲਾਂ ਤੱਕ ਉਸ ਨੂੰ ਸਮਝਿਆ ਹੋਵੇ, ਮੈਂ ਇਹ ਕਹਿ ਸਕਦਾ ਹਾਂ ਕਿ ਕਿਸੇ ਵਿਅਕਤੀ ਲਈ 'ਧਾਰਮਿਕ' ਰਾਜ ਜਾਂ 'ਧਰਮ ਨਿਰਪੱਖ' ਰਾਜ ਦੇ ਜੀਵਨ 'ਚ ਜ਼ਿਆਦਾ ਫਰਕ ਨਹੀਂ ਹੈ। ਇਹ ਸਹੀ ਹੈ ਕਿ ਪਾਕਿਸਤਾਨ ਵਿੱਚ ਕੁਝ ਕਾਨੂੰਨ ਜਾਣਬੁੱਝ ਕੇ ਘੱਟ-ਗਿਣਤੀਆਂ ਲਈ ਵਿਤਕਰੇ ਵਾਲੇ ਬਣਾਏ ਗਏ ਹਨ। ਮਿਸਾਲ ਲਈ ਉਥੋਂ ਦਾ ਸੰਵਿਧਾਨ ਕਿਸੇ ਵੀ ਗੈਰ ਮੁਸਲਿਮ ਨੂੰ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣਨ ਤੋਂ ਰੋਕਦਾ ਹੈ। ਇਸ ਤੋਂ ਇਲਾਵਾ ਮੁਸਲਿਮ ਫਿਰਕੇ 'ਚ ਅਹਿਮਦੀਆ ਫਿਰਕੇ ਨੂੰ ਆਜ਼ਾਦ ਤੌਰ 'ਤੇ ਆਪਣੀਆਂ ਧਾਰਮਿਕ ਰਸਮਾਂ ਆਯੋਜਤ ਕਰਨ ਦੀ ਇਜਾਜ਼ਤ ਨਹੀਂ ਹੈ, ਪਰ ਬਾਕੀ ਸਾਰੀਆਂ ਚੀਜ਼ਾਂ ਭਾਰਤ ਵਾਂਗ ਹੀ ਹਨ। ਪਾਕਿਸਤਾਨ 'ਚ ਘੱਟ-ਗਿਣਤੀਆਂ ਦੀ ਗਿਣਤੀ ਘੱਟ ਹੈ, ਪਰ ਉਨ੍ਹਾਂ ਵਿੱਚ ਵੀ ਉਸੇ ਤਰ੍ਹਾਂ ਨਾਲ ਅਸੁਰੱਖਿਆ ਦੀ ਭਾਵਨਾ ਹੈ, ਜਿਸ ਤਰ੍ਹਾਂ ਭਾਰਤ ਦੇ ਘੱਟ-ਗਿਣਤੀਆਂ 'ਚ।

ਆਓ, ਇਸ ਗੱਲ 'ਤੇ ਚਰਚਾ ਕਰੀਏ ਕਿ ਹਿੰਦੂ ਰਾਸ਼ਟਰ ਦਾ ਕੀ ਮਤਲਬ ਹੈ? ਇਸ 'ਚ ਇਥੇ ਦੋ ਤੱਤ ਹਨ, ਠੀਕ ਉਸੇ ਤਰ੍ਹਾਂ ਜਿਵੇਂ ਕਿਸੇ ਧਾਰਮਿਕ ਜਾਂ ਧਰਮ-ਤੰਤਰੀ ਦੇਸ਼ ਵਿੱਚ ਹੁੰਦੇ ਹਨ। ਪਹਿਲਾ ਇਹ ਕਿ ਧਰਮ ਦੀਆਂ ਕਦਰਾਂ-ਕੀਮਤਾਂ ਤੇ ਇਸ ਦਾ ਸੱਭਿਆਚਾਰ ਕਾਨੂੰਨ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ। ਮਿਸਾਲ ਵਜੋਂ ਕੁਝ ਮੁਸਲਿਮ ਦੇਸ਼ਾਂ 'ਚ ਸ਼ਰਾਬ 'ਤੇ ਪਾਬੰਦੀ ਹੈ ਅਤੇ ਰਮਜ਼ਾਨ ਦੇ ਮਹੀਨੇ 'ਚ ਲੋਕਾਂ ਨੂੰ ਦਿਨ ਵਿੱਚ ਆਪਣੇ ਰੈਸਟੋਰੈਂਟ ਬੰਦ ਕਰਨ 'ਤੇ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਕੁਝ ਚੀਜ਼ਾਂ ਭਾਰਤ 'ਚ ਪਹਿਲਾਂ ਤੋਂ ਹਨ। ਸਾਡੇ ਕਾਨੂੰਨਾਂ 'ਚ ਸ਼ਰਾਬ ਅਤੇ ਗਊ ਹੱਤਿਆ 'ਤੇ ਪਾਬੰਦੀ ਕੁਝ ਤਰੀਕਿਆਂ ਨਾਲ ਅਤੇ ਬਹੁਤ ਸਾਰੇ ਸੂਬਿਆਂ 'ਚ ਪਹਿਲਾਂ ਤੋਂ ਹੀ ਮੌਜੂਦ ਹੈ। ਦੂਜਾ ਤੱਤ ਹੈ ਲੋਕਾਂ ਨੂੰ ਧਰਮ ਅਤੇ ਲਿੰਗ ਦੇ ਆਧਾਰ 'ਤੇ ਵੰਡਣਾ ਅਤੇ ਉਨ੍ਹਾਂ ਨੂੰ ਇਹ ਦੱਸਣਾ ਕਿ ਉਹ ਕੀ ਕਰ ਸਕਦੇ ਹਨ ਅਤੇ ਕੀ ਨਹੀਂ? ਇਹ ਧਰਮ-ਤੰਤਰੀ ਦੇਸ਼ ਦਾ ਡੂੰਘਾ ਪਹਿਲੂ ਹੈ, ਜਿਸ ਦੇ ਪ੍ਰਤੀ ਲੋਕਾਂ ਵਿੱਚ ਡਰ ਹੈ। ਹਿੰਦੂ ਰਾਸ਼ਟਰ ਦੀ ਸਮੱਸਿਆ ਇਹ ਹੈ ਕਿ ਇਸ ਕੋਲ ਕੋਈ ਅਜਿਹਾ ਵਿਸ਼ਾ ਨਹੀਂ ਹੈ, ਜਿਸ ਨੂੰ ਆਧੁਨਿਕ ਦੁਨੀਆ ਦੇ ਹਿਸਾਬ ਨਾਲ ਢਾਲਿਆ ਜਾ ਸਕੇ। ਸਮਾਜ ਅਤੇ ਦੇਸ਼ ਨੂੰ ਹਿੰਦੂਵਾਦੀ ਤਰੀਕੇ ਨਾਲ ਢਾਲਣ ਦਾ ਇੱਕ ਅਹਿਮ ਤੱਤ ਹੈ, ਉਸ ਨੂੰ ਜਾਤੀ ਆਧਾਰਤ ਬਣਾਉਣਾ। ਇਹ ਜ਼ਿਆਦਾਤਰ ਹਿੰਦੂਆਂ ਨੂੰ ਸਵੀਕਾਰ ਨਹੀਂ। ਉਤਰ ਤੋਂ ਲੈ ਕੇ ਦੱਖਣ ਭਾਰਤ ਦੀ ਰਾਜਨੀਤੀ 'ਚ ਜਿਹੇ ਸਿਆਸੀ ਫਿਰਕਿਆਂ ਦਾ ਜ਼ੋਰ ਹੈ, ਉਨ੍ਹਾਂ ਵਿੱਚ ਦਲਿਤ 1-1 ਕਿਸਾਨ ਪ੍ਰਮੁੱਖ ਹਨ, ਜਿਨ੍ਹਾਂ 'ਚ ਪਾਟੀਦਾਰ, ਵੋਕਾਲਿਗਾ, ਜਾਟ, ਯਚਾਦਵ, ਰੈਡੀ ਤੇ ਹੋਰ ਸ਼ਾਮਲ ਹਨ। ਜ਼ਿਆਦਾਤਰ ਮੰਤਰੀ ਅਤੇ ਮੁੱਖ ਮੰਤਰੀ ਇਨ੍ਹਾਂ ਹੀ ਜਾਤਾਂ 'ਚੋਂ ਹਨ। ਕਾਨੂੰਨ ਵਿੱਚ ਕੋਈ ਤਬਦੀਲੀ ਹੋਣ ਕਾਰਨ ਇਹ ਫਿਰਕੇ ਬ੍ਰਾਹਮਣਾਂ ਨੂੰ ਸਵੈ-ਇੱਛਾ ਨਾਲ ਆਪਣੀ ਸ਼ਕਤੀ ਨਹੀਂ ਦੇਣਗੇ। ਹਿੰਦੂ ਰਾਸ਼ਟਰ ਇਨ੍ਹਾਂ ਨੂੰ ਅਜਿਹੀ ਚੀਜ਼ ਨਹੀਂ ਦੇਵੇਗਾ, ਜੋ ਉਨ੍ਹਾਂ ਕੋਲ ਪਹਿਲਾਂ ਨਾ ਹੋਵੇ। ਇਸ ਤਰ੍ਹਾਂ ਦਲਿਤ ਅਤੇ ਆਦੀਵਾਸੀ, ਜੋ ਸਾਡੀ ਆਬਾਦੀ ਦਾ ਇੱਕ-ਚੌਥਾਈ ਹਿੱਸਾ ਹਨ, ਨੂੰ ਵੀ ਹਿੰਦੂ ਰਾਸ਼ਟਰ ਤੋਂ ਕੁਝ ਨਹੀਂ ਮਿਲੇਗਾ, ਇਸ ਲਈ ਉਹ ਇਸ ਨੂੰ ਨਹੀਂ ਚਾਹੁਣਗੇ। ਇੱਕ ਅਜਿਹੀ ਪ੍ਰਣਾਲੀ, ਜੋ ਹਿੰਦੂ ਧਰਮ ਨੂੰ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦੀ ਹੋਵੇ, ਉਸ ਨੂੰ ਜਾਤੀ 'ਤੇ ਆਧਾਰਤ ਹੋਣਾ ਪਵੇਗਾ ਅਤੇ ਇਹੀ ਇਸ ਦੇ ਰਸਤੇ ਵਿੱਚ ਅੜਚਨ ਹੈ।

2008 ਤੱਕ ਨੇਪਾਲ ਦੁਨੀਆ ਦਾ ਇੱਕੋ-ਇੱਕ ਹਿੰਦੂ ਦੇਸ਼ ਸੀ। 2008 ਵਿੱਚ ਇਥੇ ਗਣਤੰਤਰ ਦੀ ਸਥਾਪਨਾ ਦੇ ਨਾਲ ਹੀ ਛੇਤਰੀ (ਕਸ਼ੱਤਰੀ) ਵੰਸ਼ ਦਾ ਰਾਜ ਸਮਾਪਤ ਹੋ ਗਿਆ। ਨੇਪਾਲ ਹਿੰਦੂ ਰਾਸ਼ਟਰ ਕਿਉਂ ਸੀ? ਕਿਉਂਕਿ ਮਨੂੰ ਸਮਿਰਤੀ ਅਨੁਸਾਰ ਕਾਰਜ ਸ਼ਕਤੀ ਇਕ ਰਾਜੇ ਦੇ ਹੱਥ 'ਚ ਰਹਿੰਦੀ ਸੀ, ਪਰ ਨੇਪਾਲ ਉਸ ਹੱਦ ਤੱਕ ਹੀ 'ਹਿੰਦੂ ਰਾਸ਼ਟਰ' ਸੀ। ਹਿੰਦੂ ਧਾਰਮਿਕ ਕਿਤਾਬਾਂ ਤੋਂ ਕੁਝ ਜ਼ਿਆਦਾ ਲਾਗੂ ਨਹੀਂ ਕੀਤਾ ਜਾ ਸਕਿਆ, ਕਿਉਂਕਿ ਇਹ ਮਨੁੱਖੀ ਅਧਿਕਾਰਾਂ ਦੇ ਸੰਸਕਾਰ ਐਲਾਨ ਦੇ ਉਲਟ ਸੀ। ਇਸ ਲਈ ਹਿੰਦੂ ਰਾਸ਼ਟਰ ਬਣਾਉਣ ਲਈ ਸੰਵਿਧਾਨ ਵਿੱਚ ਕੀ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ? ਅਸੀਂ ਗੈਰ-ਹਿੰਦੂਆਂ ਨਾਲ ਵਿਤਕਰੇ ਕਰ ਸਕਦੇ ਹਾਂ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝੇ ਕਰ ਸਕਦੇ ਹਾਂ। ਇਸ ਵਿੱਚੋਂ ਕੁਝ ਅਸੀਂ ਪਹਿਲਾਂ ਹੀ ਕੀਤਾ ਹੋਇਆ ਹੈ। ਗੁਜਰਾਤ ਅਤੇ ਬਿਹਾਰ ਵਿੱਚ ਈਸਾਈ ਉਪ-ਸੰਸਕਾਰ ਦੇ ਲਈ ਵਾਈਨ ਨਹੀਂ ਪੀ ਸਕਦੇ ਅਤੇ ਭਾਰਤ ਦੇ ਜ਼ਿਆਦਾ ਹਿੱਸਿਆਂ ਵਿੱਚ ਮੁਸਲਮਾਨ ਗਾਂ ਦੀ ਬਲੀ ਨਹੀਂ ਦੇ ਸਕਦੇ। ਹੋਰ ਅਧਿਕਾਰ ਅਸੀਂ ਅਧਿਕਾਰਤ ਤੌਰ 'ਤੇ ਨਹੀਂ ਖੋਹੇ। ਇਥੇ ਮੁਸਲਮਾਨਾਂ ਦੇ ਪ੍ਰਧਾਨ ਮੰਤਰੀ ਬਣਨ 'ਤੇ ਪਾਬੰਦੀ ਨਹੀਂ ਹੈ, ਪਰ ਇਸ ਸਮੇਂ ਨੇੜ-ਭਵਿੱਖ 'ਚ ਇਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਰਾਜਨੀਤੀ ਵਿੱਚ 1947 ਤੋਂ ਬਾਅਦ ਮੁਸਲਮਾਨਾਂ ਦੀ ਪ੍ਰਤੀਨਿਧਤਾ ਸਭ ਤੋਂ ਘੱਟ ਹੈ ਅਤੇ ਭਾਰਤ 'ਚ ਇਹ ਮੁੱਦਾ ਵੀ ਨਹੀਂ ਹੈ।

ਹਿੰਦੂ ਰਾਸ਼ਟਰ ਦੇ ਤਹਿਤ ਅਸੀਂ ਹੋਰ ਅੱਗੇ ਜਾ ਕੇ ਅਧਿਕਾਰਤ ਤੌਰ 'ਤੇ ਈਸਾਈਆਂ ਅਤੇ ਮੁਸਲਮਾਨਾਂ ਤੋਂ ਕੁਝ ਸਿਆਸੀ ਅਧਿਕਾਰ ਖੋਹ ਸਕਦੇ ਹਾਂ, ਹਾਲਾਂਕਿ ਕਿਉਂਕਿ ਹਿੰਦੂ ਰਾਸ਼ਟਰ ਬਹੁ-ਗਿਣਤੀ ਹਿੰਦੂਆਂ ਦੇ ਅਧਿਕਾਰਾਂ 'ਤੇ ਵੀ ਪਾਬੰਦੀ ਲਾਉਂਦੀ ਹੈ, ਇਸ ਲਈ ਅਸੀਂ ਆਸਵੰਦ ਹੋ ਸਕਦੇ ਹਾਂ। ਭਾਜਪਾ ਜਾਂ ਹੋਰ ਕੋਈ ਤਾਕਤ ਹਿੰਦੂ ਰਾਸ਼ਟਰ ਨਹੀਂ ਬਣਾ ਸਕਦੀ। ਇਸ ਲਈ ਹਿੰਦੂ ਰਾਸ਼ਟਰ ਦੀ ਧਾਰਨਾ ਅਨਿਸ਼ਚਿਤ ਹੈ ਅਤੇ ਹਮੇਸ਼ਾ ਅਨਿਸ਼ਚਿਤ ਹੀ ਰਹੇਗੀ।




ਕਹਾਣੀ

## ਵਸੀਅਤ

-ਲੇਖਕ ਰਾਜ ਬੁੱਧੀਰਾਜਾ-

''ਦਾਦੀ, ਵਸੀਅਤ ਕੀ ਹੁੰਦੀ ਹੈ?''

''ਚੱਲ ਪਰਾਂ! ਕਿਹੋ ਜਿਹੀਆਂ ਗੱਲਾਂ ਪੁੱਛਣ ਲੱਗਾ ਏਂ।'' ਮਿੱਠੀ ਜਿਹੀ ਝਿੜਕ ਮਾਰਦੇ ਹੋਏ ਪਾਰੋ ਨੇ ਕਿਹਾ।

''ਮੈਂ ਕੀ? ਸਾਰੇ ਵਸੀਅਤ ਦੀ ਗੱਲ ਕਰਦੇ ਹਨ।''

ਇਹ ਬੱਚਾ ਵੀ ਵੱਡੀਆਂ ਵੱਡੀਆਂ ਗੱਲਾਂ ਕਰਨ ਲੱਗਾ ਹੈ, ਪਾਰੋ ਨੇ ਮਨ ਹੀ ਮਨ ਕਿਹਾ।

''ਸਾਰੇ ਕੌਣ?''

''ਮੰਮੀ-ਪਾਪਾ, ਚਾਚਾ, ਤਾਇਆ, ਤਾਈ।''

''ਕਿਸ ਦੀ ਵਸੀਅਤ ਦੀ ਗੱਲ ਕਰਦਾ ਹੈਂ ਤੂੰ?'' ਪਾਰੋ ਨੇ ਬੱਚੇ ਦੀ ਪਿੱਠ ਥਾਪੜਦੇ ਹੋਏ ਤਹਿ ਤੱਕ ਜਾਣਨ ਦੀ ਕੋਸ਼ਿਸ਼ ਕੀਤੀ।

''ਤੁਹਾਡੀ ਹੋਰ ਕਿਸ ਦੀ? ਸਾਰੇ ਇਹੀ ਕਹਿੰਦੇ ਹਨ। ਦਾਦੀ ਮਾਂ ਨੂੰ ਵਸੀਅਤ ਕਰ ਲੈਣੀ ਚਾਹੀਦੀ ਹੈ। ਉਹ ਰਿਟਾਇਰ ਹੋ ਗਈ ਹੈ।''

''ਚੱਲ ਪਰਾਂ, ਪਾਗਲ ਕਿਸੇ ਥਾਂ ਦਾ।'' ਖੇਡ ਖੇਡ ਵਿੱਚ ਬੱਚਾ ਜਿਵੇਂ ਆਇਆ ਸੀ, ਉਵੇਂ ਚਲਾ ਗਿਆ। ਤਾਂ ਸਾਰੇ ਜਣੇ ਇਹੀ ਖਿਚੜੀ ਪਕਾਉਂਦੇ ਹਨ। ਪਾਰੋ ਕੁਝ ਡੂੰਘੀ ਸੋਚ ਵਿੱਚ ਡੁੱਬ ਗਈ। ਅਜੇ ਉਸ ਦੀ ਰਿਟਾਇਰਮੈਂਟ ਨੂੰ ਕੁਝ ਮਹੀਨੇ ਹੋਏ ਸਨ। ਉਸ ਨੇ ਆਪਣੀ ਹਰ ਰੋਟੀ ਆਪਣੇ ਹੀ ਪਸੀਨੇ ਨਾਲ ਖਰੀਦੀ ਸੀ, ਇਸ ਲਈ ਪੈਸਾ-ਰੋਟੀ ਅਤੇ ਪਸੀਨੇ ਦੀ ਅਹਿਮੀਅਤ ਤੋਂ ਉਹ ਵਾਕਫ ਸੀ। ਉਸ ਨੂੰ ਯਾਦ ਹੈ ਕਿ ਵਿਆਹ ਤੋਂ ਬਾਅਦ ਉਸ ਨੂੰ ਚੌਦਾਂ ਸਾਲ ਲੱਗ ਗਏ ਸਨ ਆਪਣਾ ਰਾਹ ਲੱਭਣ ਵਿੱਚ। ਪਹਿਲੀ ਵਾਰ ਜਦ ਉਸ ਨੂੰ ਤਨਖਾਹ ਮਿਲੀ ਤਾਂ ਉਹ ਖੁਸ਼ੀ ਨਾਲ ਫੁੱਲੀ ਨਹੀਂ ਸਮਾਈ ਸੀ। ਦੋ-ਦੋ ਰੁਪਏ ਆਪਣੇ ਬੱਚਿਆਂ ਨੂੰ ਦਿੱਤੇ ਅਤੇ ਦੋ ਰੁਪਏ ਦਾ ਪ੍ਰਸ਼ਾਦ ਮੰਦਰ ਵਿੱਚ ਚੜ੍ਹਾਇਆ। ਸੁਭਾਅ ਪੱਖੋਂ ਕੰਜੂਸ ਹੋਣ ਦੇ ਕਾਰਨ ਅੱਧੇ ਨਾਲੋਂ ਵੱਧ ਤਨਖਾਹ ਬਚ ਗਈ ਸੀ। ਉਸ ਨੂੰ ਯਾਦ ਹੈ ਕਿ ਆਪਣੇ ਘਰ ਆਉਣ ਵਾਲੇ ਹਰ ਮਹਿਮਾਨ ਦੀ ਉਹ ਆਓਭਗਤ ਕਰਦੀ ਅਤੇ ਸੌ ਰੁਪਏ ਦੇ ਕੇ ਵਿਦਾ ਕਰਦੀ। ਵਸੀਅਤ ਦੀ ਗੱਲ ਉਸ ਲਈ ਨਵੀਂ ਨਹੀਂ ਸੀ। ਵਾਰ ਵਾਰ ਉਸ ਦੇ ਸਾਹਮਣੇ ਕਿਹਾ ਜਾਂਦਾ ਸੀ। ਭਾਵੇਂ ਉਹ ਦੱਬੀ ਜ਼ੁਬਾਨ ਵਿੱਚ ਕਿਉਂ ਨਾ ਹੋਵੇ?

''ਮਾਂ ਤੁਹਾਨੂੰ ਪ੍ਰਾਵੀਡੈਂਟ ਫੰਡ ਦਾ ਪੂਰਾ ਪੈਸਾ ਮਿਲ ਗਿਆ ਨਾ।''

''ਪੈਨਸ਼ਨ ਦਾ ਵੀ ਹੋ ਗਿਆ।''

''ਸਭ ਕੁਝ ਕਰਵਾ ਲੈਣਾ ਚਾਹੀਦਾ ਹੈ। ਸਰਕਾਰੀ ਕੰਮ ਤਾਂ ਇੰਦਾਂ ਦੇ ਹੀ ਹੁੰਦੇ ਹਨ।''

''ਮਾਂ ਬਹੁਤ ਹੁਸ਼ਿਆਰ ਹੈ। ਸਭ ਕੁਝ ਪਹਿਲਾਂ ਹੀ ਕਰਵਾ ਲਿਆ ਹੋਵੇਗਾ।''

ਪਾਰੋ ਇਨ੍ਹਾਂ ਸਾਰਿਆਂ ਨੂੰ ਬਲਦੀਆਂ ਨਜ਼ਰਾਂ ਨਾਲ ਦੇਖਦੀ ਅਤੇ ਮੋਟਰ ਵਿੱਚ ਬੈਠ ਕੇ ਚਲੀ ਜਾਂਦੀ। ਸੱਚ ਇਹ ਹੈ ਕਿ ਉਸ ਦੇ ਪੈਸਿਆਂ 'ਤੇ ਸਾਰਿਆਂ ਦੀਆਂ ਨਜ਼ਰਾਂ ਸਨ। ਪਾਰੋ ਜਾਣਦੀ ਸੀ ਕਿ ਅੱਗੇ ਆਉਣ ਵਾਲੀਆਂ ਸੱਤ ਪੀੜ੍ਹੀਆਂ ਨਾ ਤਾਂ ਐਨਾ ਪੈਸਾ ਕਮਾ ਸਕਦੀਆਂ ਹਨ ਅਤੇ ਨਾ ਪ੍ਰਤਿਸ਼ਠਾ। ਲੂਲੇ-ਲੰਗੜੇ ਹਨ ਇਹ ਸਾਰੇ। ਖੁਦ ਕੁਝ ਕਰ ਨਹੀਂ ਸਕਦੇ ਅਤੇ ਦੂਜਿਆਂ ਦੀ ਦੌਲਤ 'ਤੇ ਨਜ਼ਰ ਰੱਖਦੇ ਹਨ। ਖੂਨ ਦੇ ਇਨ੍ਹਾਂ ਰਿਸ਼ਤਿਆਂ ਨਾਲ ਪਾਰੋ ਨੂੰ ਨਫਰਤ ਹੋ ਗਈ ਸੀ। ਵਸੀਅਤ ਨਾ ਹੋਈ ਅਲਾਦੀਨ ਦਾ ਚਿਰਾਗ ਹੋ ਗਈ। ਹਿੰਮਤ ਹੈ ਤਾਂ ਬਚਾਓ ਨਾ। 'ਖੁੱਲ੍ਹ ਜਾ ਸਿਮਸਿਮ' ਕਹਿਣ ਨਾਲ ਕੰਮ ਨਹੀਂ ਚੱਲੇਗਾ। ਪਾਰੋ ਵਿੱਚ-ਵਿੱਚ ਡਾਂਟ ਫਿਟਕਾਰ ਲਾਉਂਦੀ ਰਹਿੰਦੀ। ਪਤਾ ਨਹੀਂ ਕਿਉਂ ਇਨ੍ਹਾਂ ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਘਰ ਕਰਦੀ ਜਾ ਰਹੀ ਹੈ। ਇਨ੍ਹਾਂ ਨੂੰ ਡਰ ਹੈ ਕਿ ਮਾਂ ਆਪਣਾ ਖੂਬਸੂਰਤ ਘਰ ਕਿਸੇ ਅਜਾਇਬ ਘਰ ਵਿੱਚ ਬਦਲ ਦੇਵੇ। ਆਪਣਾ ਪੈਸਾ ਆਪਣੇ ਚੇਲਿਆਂ ਨੂੰ ਨਾ ਦੇ ਦੇਵੇ। ਜਦ ਇਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦਾ ਅਸਰ ਪਾਰੋ 'ਤੇ ਰੱਤੀ ਭਰ ਨਹੀਂ ਹੈ ਤਾਂ ਉਨ੍ਹਾਂ ਨੇ ਉਨ੍ਹਾਂ ਦੇ ਦੋਸਤਾਂ ਕੋਲੋਂ ਕਹਾਉਣਾ ਸ਼ੁਰੂ ਕਰ ਦਿੱਤਾ।

''ਪਾਰੋ ਤੂੰ ਆਪਣੀ ਵਸੀਅਤ ਕਿਉਂ ਨਹੀਂ ਕਰ ਦਿੰਦੀ? ਜ਼ਿੰਦਗੀ ਦਾ ਕੀ ਭਰੋਸਾ? ਪਤਾ ਨਹੀਂ ਪ੍ਰਾਣ-ਪੰਖੇਰੂ ਕਦ ਉਡ ਜਾਣ?'' ਇੱਕ ਦੋਸਤ ਨੇ ਕਿਹਾ।

''ਤੁਸੀਂ ਆਪਣਾ ਰਾਹ ਨਾਪੋ। ਮੈਨੂੰ ਆਪਣੀ ਜ਼ਿੰਦਗੀ ਉੱਤੇ ਪੂਰਾ ਭਰੋਸਾ ਹੈ ਕਿਉਂਕਿ ਮੈਂ ਆਪਣੀ ਜ਼ਿੰਦਗੀ ਨੂੰ ਮਾਂਜਿਆ-ਚਮਕਾਇਆ ਤੇ ਸਜਾਇਆ-ਸੰਵਾਰਿਆ ਹੈ। ਭਰੋਸਾ ਨਹੀਂ ਹੈ ਤਾਂ ਇਨ੍ਹਾਂ ਗਿਰਝਾਂ ਦਾ। ਇਹ ਤਾਂ ਮੈਨੂੰ ਨੋਚ-ਨੋਚ ਕੇ ਖਾ ਲੈਣਗੇ। ਪਤਾ ਨਹੀਂ ਕਿੰਨੀ ਵਾਰ ਇਨ੍ਹਾਂ ਨੇ ਮੇਰੇ ਕੋਲੋਂ ਲੱਖਾਂ ਰੁਪਏ ਠੱਗੇ ਹਨ। ਇਹ ਕਹਿ ਕੇ ਅਸੀਂ ਜਲਦੀ ਮੋੜ ਦਿਆਂਗੇ, ਪਰ ਉਹ ਦਿਨ ਅੱਜ ਤੱਕ ਨਹੀਂ ਆਇਆ ਅਤੇ ਹਾਂ ਜਿੱਥੋਂ ਤੱਕ ਪ੍ਰਾਣ ਪੰਖੇਰੂਆਂ ਦੇ ਉਡਣ ਦਾ ਪ੍ਰਸ਼ਨ ਹੈ, ਉਹ ਇਸ ਦਸ ਬੂਹਿਆਂ ਦੇ ਪਿੰਜਰੇ ਨੂੰ ਛੱਡ ਕੇ ਕਦੀ ਨਹੀਂ ਉਡੇਗਾ। ਉਸ ਦਾ ਵੀ ਕਿਸੇ ਸੁੰਦਰ ਤਨ ਅਤੇ ਮਨ ਨਾਲ ਲਗਾਓ ਹੋ ਗਿਆ ਹੈ। ਜਹਾਜ਼ 'ਤੇ ਬੈਠੇ ਪੰਛੀ ਦੀ ਤਰ੍ਹਾਂ ਮੇਰੀ ਆਤਮਾ ਇਥੇ ਵਸੀ ਰਹੇਗੀ। ਹਮੇਸ਼ਾ ਦੇ ਲਈ।'' ਉਸ ਮਿੱਤਰ ਨੂੰ ਪਤਾ ਨਹੀਂ ਸੀ ਕਿ ਪਾਰੋ ਸੁਫਨਿਆਂ ਦੇ ਸੰਸਾਰ ਵਿੱਚ ਡੁੱਬੀ ਰਹਿੰਦੀ ਹੈ। ਵੱਡੇ ਵੱਡੇ ਸਾਧੂ ਸੰਤਾਂ ਨੂੰ ਉਸ ਨੇ ਡਿੱਗਦਿਆਂ ਹੋਇਆਂ ਦੇਖਿਆ ਸੀ। ਪਾਰੋ ਹੈ ਕਿ ਪੱਥਰ ਦੀ ਤਰ੍ਹਾਂ ਉਸ ਦੇ ਸਾਹਮਣੇ ਖੜ੍ਹੀ ਹੈ। ਸਿਰਫ ਉਸ ਨੇ ਭਗਵਾ ਨਹੀਂ ਪਹਿਨਿਆ ਸੀ।''

ਗੱਲ ਇਥੇ ਤੱਕ ਰਹਿੰਦੀ ਤਾਂ ਗੱਲ ਵੀ ਸੀ। ਪਾਰੋ ਦੀ ਬਿਮਾਰੀ 'ਤੇ ਕਿਸੇ ਦੇ ਪੰਜ ਸੌ ਖਰਚ ਹੋ ਗਏ ਤਾਂ ਘਰ ਵਿੱਚ ਤੂਫਾਨ ਆ ਗਿਆ।

''ਮੈਂ ਤੁਹਾਨੂੰ ਕਿਹਾ ਸੀ ਨਾ ਮਾਂ ਕਿ ਤੂੰ ਆਪਣੀ ਬਿਮਾਰੀ ਦਾ ਬੀਮਾ ਕਰਵਾ ਲੈ, ਪਰ ਤੂੰ ਹੈਂ ਕਿ ਸੁਣਦੀ ਹੀ ਨਹੀਂ।'' ਇੱਕ ਆਵਾਜ਼ ਆਈ।

''ਪਤਾ ਹੈ ਇਲਾਜ ਵਿੱਚ ਕਿੰਨਾ ਮਹਿੰਗਾ ਹੋ ਗਿਆ ਹੈ। ਲੱਖਾਂ ਰੁਪਏ ਖਰਚ ਹੋ ਜਾਂਦੇ ਹਨ।'' ਪਾਰੋ ਨੇ ਅੱਗਾ ਦੇਖਿਆ ਨਾ ਪਿੱਛਾ, ਉਸ ਨੇ ਆਪਣੇ ਪਰਸ 'ਚੋਂ ਇੱਕ ਪੰਜ ਸੌ ਦਾ ਅਤੇ ਇੱਕ ਵੀਹ ਦਾ ਨੋਟ ਕੱਢਿਆ ਅਤੇ ਉਨ੍ਹਾਂ ਵੱਲ ਵਧਾਉਂਦੀ ਹੋਈ ਬੋਲੀ, ''ਐ ਲਵੋ ਪੰਜ ਸੌ ਰੁਪਏ ਅਤੇ ਇਹ ਲਵੋ ਵੀਹ ਰੁਪਏ, ਉਸ ਦਾ ਵਿਆਜ। ਤੁਸਾਂ ਲੋਕਾਂ ਨੂੰ ਯਾਦ ਹੈ ਕਿ ਤੁਸੀਂ ਜੰਮਣ ਬਾਅਦ ਲੁੰਜ-ਪੁੰਜ ਜਿਹੇ ਬਿਸਤਰੇ 'ਤੇ ਪਏ ਰਹਿੰਦੇ ਸੀ। ਕਈ ਵਾਰ ਮੈਂ ਆਪਣੇ ਢਿੱਡ 'ਤੇ ਪੱਟੀ ਬੰਨ੍ਹ ਕੇ ਤੁਹਾਡੀ ਸੇਵਾ ਕੀਤੀ। ਖਬਰਦਾਰ ਜੇ ਤੁਸੀਂ ਮੇਰੀ ਬਿਮਾਰੀ ਦੇ ਬੀਮਾ ਦੀ ਗੱਲ ਕੀਤੀ''। ਪਾਰੋ ਮੋਟਰ ਵਿੱਚ ਬੈਠ ਕੇ ਚਲੀ ਗਈ ਸੀ। ਉਸ ਦੇ ਮਨ ਵਿੱਚ ਪਤਾ ਨਹੀਂ ਕੀ ਤੂਫਾਨ ਉਠ ਰਿਹਾ ਸੀ ਕੋਈ ਨਹੀਂ ਜਾਣਦਾ। ਉਸ ਨੇ ਜ਼ਿੰਦਗੀ ਵਿੱਚ ਬਹੁਤ ਵੱਡੇ ਵੱਡੇ ਫੈਸਲੇ ਇਕੱਲੀ ਨੇ ਲਏ ਸਨ। ਇਸ ਵਾਰ ਵੀ ਫੈਸਲਾ ਲੈਂਦੇ ਸਮੇਂ ਉਸ ਨੇ ਲੋਹ-ਪੁਰਸ਼ ਦਾ ਰੂਪ ਧਾਰਨ ਕਰ ਲਿਆ ਸੀ।

ਇੱਕ ਦਿਨ ਸਵੇਰੇ ਤਿੰਨ ਚਾਰ ਮੋਟਰਾਂ ਵਿੱਚ ਕੁਝ ਲੋਕ ਆਏ ਤੇ ਪਾਰੋ ਉਨ੍ਹਾਂ ਦੇ ਘਰ ਦੀ ਇੱਕ ਇੱਕ ਚੀਜ਼ ਦੱਸਣ ਲੱਗੀ। ਵਿਦੇਸ਼ੀ ਦੋਸਤਾਂ ਵੱਲੋਂ ਮਿਲੇ ਬਹੁਕੀਮਤੀ ਤੋਹਫੇ, ਕਿਤਾਬਾਂ ਵਿਰਾਸਤੀ ਚਿੱਤਰ ਸਭ ਕੁਝ ਉਹਦੇ ਵਿੱਚ ਸ਼ਾਮਲ ਸੀ। ਉਹ ਇੱਕ ਅਧਿਕਾਰੀ ਨੂੰ ਸਮਝਾਉਣ ਲੱਗੀ ਸੀ, ''ਇਹ ਅਜਾਇਬ ਘਰ ਇੱਕ ਮਹੀਨੇ ਵਿੱਚ ਤਿਆਰ ਹੋ ਜਾਣਾ ਚਾਹੀਦਾ ਹੈ, ਮੈਂ ਮਹੀਨੇ ਬਾਅਦ ਪਰਤਾਂਗੀ।''

''ਕਿੱਥੇ ਜਾ ਰਹੀ ਏਂ ਮਾਂ?'' ਸਾਰਿਆਂ ਨੇ ਇਕਜੁਠ ਹੋ ਕੇ ਪੁੱਛਿਆ।

''ਮੈਂ ਕਿਤੇ ਨਹੀਂ ਜਾ ਰਹੀ। ਜਾ ਤੁਸੀਂ ਲੋਕ ਰਹੇ ਹੋ। ਤੁਹਾਡੇ ਲਈ ਮੈਂ ਮਕਾਨ ਕਿਰਾਏ 'ਤੇ ਦੇਖ ਲਿਆ ਹੈ।'' ਅਤੇ ਪਾਰੋ ਨੇ ਟੈਂਪੂ ਵਿੱਚ ਬੈਠੇ ਡਰਾਈਵਰ ਨੂੰ ਅਤੇ ਦੋ ਆਦਮੀਆਂ ਨੂੰ ਅੰਦਰ ਬੁਲਾ ਕੇ ਕਿਹਾ, ''ਇਹ ਸਾਰਾ ਸਾਮਾਨ ਨਵੇਂ ਘਰ ਵਿੱਚ ਪਹੁੰਚਾ ਦਿਓ।'' ਪਾਰੋ ਨੇ ਆਪਣੇ ਪੋਤੇ ਨੂੰ ਬੁਲਾ ਕੇ ਕਿਹਾ, ''ਬੇਟੇ ਵਸੀਅਤ ਇਹ ਹੁੰਦੀ ਹੈ।'' ਤੇ ਮੋਟਰ ਵਿੱਚ ਬੈਠ ਕੇ ਚਲੀ ਗਈ।

# ਫੁੱਫੜਾਂ ਵਿਚਾਲੇ ਸਪੀਕਰ ਵਾਲਾ

-ਬਲਬੀਰ ਸੋਚੀ

ਮਾਰਚ ਦਾ ਮਹੀਨਾ ਸੀ। ਮਿੱਠੀ ਮਿੱਠੀ ਠੰਢ ਪੈ ਰਹੀ ਸੀ। ਘਰ ਵਿੱਚ ਗਹਿਮਾ ਗਹਿਮੀ ਸੀ ਕਿਉਂਕਿ ਛੋਟੇ ਚਾਚੇ ਦਾ ਵਿਆਹ ਸੀ। ਰੰਗ-ਬਿਰੰਗੀਆਂ ਪਤੰਗੀਆਂ ਨਾਲ ਸਾਰਾ ਵਿਹੜਾ ਖੜ ਖੜ ਕਰ ਰਿਹਾ ਸੀ। ਰਿਸ਼ਤੇਦਾਰਾਂ ਅਤੇ ਘਰ ਵਾਲਿਆਂ ਨੇ ਨਵੇਂ ਕੱਪੜੇ ਪਾਏ ਹੋਏ ਸਨ। ਘਰ ਵਿੱਚੋਂ ਵੱਖ-ਵੱਖ ਤਰ੍ਹਾਂ ਦੀ ਖੁਸ਼ਬੂ ਆ ਰਹੀ ਸੀ। ਹਲਵਾਈ ਵੱਲੋਂ ਮਠਿਆਈਆਂ ਦੀ ਖੁਸ਼ਬੂ ਆ ਰਹੀ ਸੀ ਅਤੇ ਮਸਾਲੇ ਭੁੰਨੇ ਜਾ ਰਹੇ ਸਨ, ਜਦੋਂ ਕਿ ਕੁੜੀਆਂ ਵਾਲੇ ਪਾਸਿਉਂ ਮਹਿੰਦੀ ਦੀ ਭਿੰਨੀ ਭਿੰਨੀ ਖੁਸ਼ਬੂ ਆ ਰਹੀ ਸੀ। ਮੈਂ ਵੀ ਵਿਆਹ ਵਾਲੇ ਚਾਚੇ ਕੋਲ ਬੈਠਾ ਸੀ। ਅਗਲੇ ਦਿਨ ਸ਼ਗਨ ਸੀ ਤੇ ਪਰਸੋਂ ਬਰਾਸਤ ਜਾਣੀ ਸੀ।

ਇੰਨੇ ਨੂੰ ਮੇਰਾ ਫੁੱਫੜ ਕੋਲ ਆਇਆ ਤੇ ਕਹਿਣ ਲੱਗਾ ਕਿ ਸਪੀਕਰ ਵਾਲਾ ਨਹੀਂ ਆਇਆ। ਚਾਚੇ ਨੇ ਜਵਾਬ ਦਿੱਤਾ ਕਿ ਆਉਂਦਾ ਹੀ ਹੋਣਾ ਹੈ। ਬੇਬੇ ਹੋਰੀਂ ਤੇ ਚਾਚੀਆਂ ਗੀਤ ਗਾ ਰਹੀਆਂ ਸਨ। ਲੱਡੂ ਵੱਟੇ ਜਾ ਰਹੇ ਸਨ। ਘਰ ਵਿੱਚ ਬਹੁਤ ਹੀ ਖੁਸ਼ੀ ਵਾਲਾ ਮਾਹੌਲ ਸੀ। ਕੋਈ ਰੋਟੀ ਖਾ ਰਿਹਾ ਸੀ, ਕੋਈ ਖਾ ਚੁੱਕਾ ਸੀ। ਭਾਂਡਿਆਂ ਵਾਲੀ ਕੋਲ ਬਹੁਤ ਵੱਡਾ ਢੇਰ ਲੱਗਿਆ ਹੋਇਆ ਸੀ। ਇਸ ਲਈ ਹਰ ਪਾਸੇ ਭਾਂਡਿਆਂ ਦਾ ਖੜਾਕ ਸੁਣਾਈ ਦੇਂਦਾ ਸੀ। ਦਿਨ ਦੇ ਕੋਈ ਬਾਰ੍ਹਾਂ ਵਜੇ ਸਪੀਕਰ ਵਾਲਾ ਪਹੁੰ-ਚਿਆ। ਉਸ ਦਾ ਵਧੀਆ ਸਵਾਗਤ ਕੀਤਾ ਗਿਆ। ਚਾਹ ਪਿਆਈ ਗਈ। ਲੱਡੂ ਖੁਆਏ ਗਏ। ਉਸ ਕੋਲ ਇੱਕ ਵੱਡਾ ਜਿਸਤ ਦਾ ਸੰਦੂਕ ਸੀ, ਜਿਸ ਵਿੱਚ ਤਵਿਆਂ ਵਾਲੀ ਮਸ਼ੀਨ, ਤਵੇ ਮਾਈਕ ਤੇ ਨਾਲ ਐਂਪਲੀਫਾਇਰ ਨੂੰ ਚਲਾਉਣ ਵਾਸਤੇ ਬੈਟਰੀ ਤੇ ਹੋਰ ਨਿੱਕ-ਸੁੱਕ ਸੀ। ਉਸ ਦਾ ਟਿਕਾਣਾ ਘਰ ਤੋਂ ਥੋੜ੍ਹੀ ਦੂਰ ਸੜਕ 'ਤੇ ਪੈਂਦੀ ਬੈਠਕ ਵਿੱਚ ਕਰ ਦਿੱਤਾ ਗਿਆ। ਉਸ ਨੇ ਬੈਠਕ ਉਪਰ ਦੋ ਮੰਜੇ ਜੋੜ ਕੇ ਉਪਰ ਲਾਊਡ ਸਪੀਕਰ ਟੰਗ ਦਿੱਤਾ। ਸਭ ਤੋਂ ਪਹਿਲਾਂ ਧਾਰਮਿਕ ਗੀਤ 'ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਐ' ਚਲਾਇਆ ਤਾਂ ਸਾਨੂੰ ਬਹੁਤ ਚੰਗਾ ਲੱਗਿਆ।

ਸਮਾਂ ਬੀਤਦਾ ਗਿਆ। ਸ਼ਾਮ ਨੂੰ ਛੋਟਾ ਫੁੱਫੜ ਤੇ ਭੂਆ ਵੀ ਆ ਗਏ। ਦੋਵੇਂ ਫੁੱਫੜ ਸਾਡੇ ਬਾਪੂ ਤੋਂ ਚੋਰੀਓਂ ਸਪੀਕਰ ਵਾਲੇ ਕੋਲ ਬੈਠ ਕੇ ਦਾਰੂ ਪੀਣ ਲੱਗੇ। ਹੌਲੀ ਹੌਲੀ ਦਾਰੂ ਨੇ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਵੱਡਾ ਫੁੱਫੜ ਸਪੀਕਰ ਵਾਲੇ ਨੂੰ ਕਹਿਣ ਲੱਗਿਆ ਕਿ ਕੋਈ ਜੀਜਾ ਸਾਲੀ ਦਾ ਗੀਤ ਸੁਣਾ। ਉਸ ਨੇ ਅਜਿਹਾ ਗੀਤ ਲਾ ਦਿੱਤਾ। ਇਸ 'ਤੇ ਛੋਟਾ ਫੁੱਫੜ ਭੜਕ ਗਿਆ ਤੇ ਸਪੀਕਰ ਵਾਲੇ ਨੂੰ ਕਹਿੰਦਾ ਕਿ ਤੂੰ ਅਜਿਹਾ ਗੀਤ ਇਹਦੇ ਆਖੇ ਕਿਉਂ ਲਾਇਆ, ਸਪੀਕਰ ਬੰਦ ਕਰ ਦੇ। ਸਪੀਕਰ ਵਾਲੇ ਨੇ ਉਸ ਦਾ ਕਿਹਾ ਮੰਨ ਕੇ ਸਪੀਕਰ ਬੰਦ ਕਰ ਦਿੱਤਾ। ਦੋਵੇਂ ਫੁੱਫੜਾਂ ਵਿਚਾਲੇ ਵਿਚਾਰਾ ਸਪੀਕਰ ਵਾਲਾ ਫਸ ਗਿਆ। ਵੱਡਾ ਫੁੱਫੜ ਕਹੇ ਸਪੀਕਰ ਲਾ, ਛੋਟਾ ਆਖੇ ਬੰਦ ਕਰ। ਇਸ ਰੌਲੇ ਵਿੱਚ ਵੱਡੇ ਫੁੱਫੜ ਨੇ ਸਪੀਕਰ ਵਾਲੇ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਛੋਟੇ ਨੇ ਤਵਿਆਂ ਵਾਲੀ ਮਸ਼ੀਨ ਚੁੱਕ ਕੇ ਪਰ੍ਹਾਂ ਸੁੱਟ ਦਿੱਤੀ।

ਜਦੋਂ ਸਪੀਕਰ ਬੰਦ ਹੋ ਗਿਆ ਤਾਂ ਬਾਪੂ ਤੇ ਵਿਆਹ ਵਾਲਾ ਚਾਚਾ ਨੌਹਰੇ ਵਿੱਚ ਆਏ। ਉਨ੍ਹਾਂ ਨੇ ਦੇਖਿਆ ਕਿ ਦੋਵੇਂ ਫੁੱਫੜ ਆਪੋ ਵਿੱਚ ਲੜ ਰਹੇ ਹਨ। ਬਾਪੂ ਤੋਂ ਦੋਵੇਂ ਫੁੱਫੜ ਹੀ ਡਰਦੇ ਸਨ। ਬਾਪੂ ਨੂੰ ਦੇਖ ਕੇ ਦੋਵੇਂ ਚੁੱਪ ਕਰ ਗਏ ਤੇ ਇੱਕ ਦੂਜੇ ਤੋਂ ਦੂਰ ਜਾ ਕੇ ਖਲੋ ਗਏ। ਬਾਪੂ ਨੇ ਦੋਵਾਂ ਫੁੱਫੜਾਂ ਦੀ ਬਹੁਤ ਲਾਹ-ਪਾਹ ਕੀਤੀ, ਪਰ ਦੋਵਾਂ ਵਿੱਚੋਂ ਕੋਈ ਨਾ ਬੋਲਿਆ ਅਤੇ ਮਾਹੌਲ ਸ਼ਾਂਤ ਹੋ ਗਿਆ। ਮੈਂ ਬਾਪੂ ਕੋਲ ਗਿਆ ਤੇ ਬਾਪੂ ਨੂੰ ਕਿਹਾ ਕਿ ਇਨ੍ਹਾਂ ਨੇ ਸਪੀਕਰ ਵਾਲੇ ਦੀ ਮਸ਼ੀਨ ਭੰਨ ਦਿੱਤੀ ਹੈ ਤੇ ਵਿਚਾਰੇ ਗਰੀਬ ਦਾ ਨੁਕਸਾਨ ਕਰ ਦਿੱਤਾ ਹੈ। ਜਦੋਂ ਬਾਪੂ ਸਪੀਕਰ ਵਾਲੇ ਕੋਲ ਗਿਆ ਤਾਂ ਉਹ ਉਚੀ ਉਚੀ ਰੋਣ ਲੱਗ ਪਿਆ। ਬਾਪੂ ਨੇ ਉਸ ਨੂੰ ਹੌਸਲਾ ਦਿੱਤਾ, ''ਕੋਈ ਗੱਲ ਨਹੀਂ। ਇਸ ਨੂੰ ਠੀਕ ਕਰਵਾ ਲਿਆ, ਜੋ ਖਰਚਾ ਲੱਗੇਗਾ ਉਹ ਅਸੀਂ ਦੇ ਦਿਆਂਗੇ ਤੇ ਦੁਬਾਰਾ ਇਨ੍ਹਾਂ ਨੂੰ ਆਪਣੇ ਕੋਲ ਨਾ ਖੜ੍ਹਨ ਦੇਈਂ।''

ਸਪੀਕਰ ਵਾਲਾ ਵਿਚਾਰਾ ਮੂੰਹ ਹਨੇਰੇ ਬਠਿੰਡੇ ਨੂੰ ਜਾਣ ਵਾਲੀ ਗੱਡੀ ਚੜ੍ਹਿਆ। ਗਿਆਰਾਂ ਵਾਲੀ ਗੱਡੀ 'ਤੇ ਵਾਪਸ ਭੁੱਖਣ ਭਾਣਾ ਉਹ ਮਸ਼ੀਨ ਠੀਕ ਕਰਵਾ ਕੇ ਲਿਆਇਆ। ਫਿਰ ਕਿਤੇ ਜਾ ਕੇ ਸ਼ਗਨ ਦੀ ਤਿਆਰੀ ਹੋਣ ਲੱਗੀ। ਪਹਿਲਾਂ ਸਮਿਆਂ ਵਿੱਚ ਸ਼ਗਨ ਦੁਪਹਿਰ ਤੋਂ ਬਾਅਦ ਪਿਆ ਕਰਦਾ ਸੀ। ਚਾਰ ਦਹਾਕੇ ਬੀਤਣ ਤੋਂ ਬਾਅਦ ਸੋਚਦਾ ਹਾਂ ਕਿ ਨਸ਼ਾ ਬੰਦੇ ਨੂੰ ਕਿਵੇਂ ਪਾਗਲ ਕਰ ਦਿੰਦਾ ਹੈ। ਇਸ ਦੇ ਵੱਸ ਪਿਆ ਵਿਅਕਤੀ ਆਪਣਾ ਮਾਣ-ਸਨਮਾਨ ਖਤਮ ਕਰ ਲੈਂਦਾ ਹੈ। ਕਿੱਥੇ ਤਾਂ ਫੁੱਫੜਾਂ ਨੇ ਆਪਣੀ ਸੇਵਾ ਪ੍ਰਾਹੁਣਿਆਂ ਵਾਂਗ ਕਰਵਾਉਣੀ ਸੀ ਤੇ ਕਿੱਥੇ ਬਾਪੂ ਦੀਆਂ ਗਾਲ੍ਹਾਂ ਨਾਲ ਹੋਈ।

# ਪੰਜਾਬੀ ਗਾਇਕੀ ਦੇ ਬਨੇਰੇ ਦੀ ਬੱਤੀ

-ਦਰਦੀ ਸਰਬਜੀਤ-

ਸ਼ਮਸ਼ਾਦ ਬੇਗਮ ਉਹ ਗਾਇਕਾ ਹੈ, ਜਿਸ ਨੇ ਆਪਣੇ ਗੀਤਾਂ ਨਾਲ ਪੰਜਾਬੀਅਤ ਦੀ ਖੁਸ਼ਬੋ ਦੂਰ ਤੱਕ ਪੁਚਾਈ। ਅੱਜ ਵੀ ਉਨ੍ਹਾਂ ਵੱਲੋਂ ਗਾਏ ਗੀਤਾਂ ਨੂੰ ਪਹਿਲਾਂ ਵਾਂਗ ਸੁਣਿਆ ਜਾਂਦਾ ਹੈ। ਭਾਵੇਂ ਅੱਜ ਉਹ ਸਾਡੇ ਵਿਚਕਾਰ ਨਹੀਂ, ਪਰ ਉਨ੍ਹਾਂ ਦੀ ਸੁਰੀਲੀ ਆਵਾਜ਼ ਹਮੇਸ਼ਾ ਆਪਣੀ ਮੌਜੂਦਗੀ ਦਾ ਅਹਿਸਾਸ ਕਰਾਉਂਦੀ ਰਹਿੰਦੀ ਹੈ। ਸ਼ਮਸ਼ਾਦ ਬੇਗਮ ਨੇ 14 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਖੇ ਪਹਿਲੀ ਕਿਲਕਾਰੀ ਮਾਰੀ। ਜਨਮ ਤੋਂ 18 ਸਾਲ ਬਾਅਦ ਉਨ੍ਹਾਂ ਨੇ ਆਪਣੀ ਗਾਇਕੀ ਦਾ ਆਗਾਜ਼ 16 ਦਸੰਬਰ 1937 ਨੂੰ ਆਲ ਇੰਡੀਆ ਰੇਡੀਓ ਲਾਹੌਰ ਤੋਂ ਸ਼ੁਰੂ ਕੀਤਾ। ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਗਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਸ਼ਮਸ਼ਾਦ ਬੇਗਮ ਨੇ ਆਪਣੇ ਪਿਤਾ ਨੂੰ ਇਹ ਬਚਨ ਦਿੱਤਾ ਕਿ ਉਹ ਕੈਮਰੇ ਦੀਆਂ ਨਜ਼ਰਾਂ ਤੋਂ ਦੂਰ ਰਹੇਗੀ। 1970 ਤੱਕ ਇਹ ਗਾਇਕਾ ਵੱਡੇ ਪਰਦੇ ਜਾਂ ਕੈਮਰੇ ਦੇ ਸਾਹਮਣੇ ਨਹੀਂ ਆਈ। ਉਨ੍ਹਾਂ ਨੇ ਜਿਉਂਦੇ ਜੀਅ ਕਿਸੇ ਅਖਬਾਰ ਜਾਂ ਮੈਗਜ਼ੀਨ ਵਿੱਚ ਕਦੇ ਆਪਣੀ ਤਸਵੀਰ ਨਾ ਛਪਵਾਈ। ਉਨ੍ਹਾਂ ਨੇ ਆਪਣੀ ਪਛਾਣ ਚਿਹਰੇ ਨਹੀਂ, ਆਪਣੀ ਸੁਰੀਲੀ ਆਵਾਜ਼ ਨਾਲ ਬਣਾਈ, ਜੋ ਸੰਗੀਤ ਪ੍ਰੇਮੀਆਂ ਦੇ ਧੁਰ ਤੱਕ ਉਤਰ ਗਈ। ਉਨ੍ਹਾਂ ਨੇ ਆਪਣੇ ਪੂਰੇ ਜੀਵਨ ਵਿੱਚ ਸਿਰਫ ਦੋ ਇੰਟਰਵਿਊ ਦਿੱਤੇ। ਪਹਿਲੀ 1980 ਤੇ ਦੂਜੀ 2012 ਵਿੱਚ। ਹੌਲੀ-ਹੌਲੀ ਗਾਇਕੀ ਦੇ ਖੇਤਰ ਵਿੱਚ ਅੱਗੇ ਵਧਦੀ ਇਸ ਗਾਇਕਾ ਦੀ ਕਸਕ ਤੇ ਜਾਦੂਭਰੀ ਆਵਾਜ਼ ਦਾ ਪ੍ਰਭਾਵ ਉਘੇ ਸੰਗੀਤਕਾਰ ਮਾਸਟਰ ਗੁਲਾਮ ਹੈਦਰ 'ਤੇ ਪਿਆ। ਇਸ ਸੰਗੀਤਕਾਰ ਨੇ ਉਸ ਨੂੰ ਸਹਾਇਕ ਗਾਇਕਾ ਵੱਜੋਂ ਫਿਲਮ 'ਜੱਟ' ਵਿੱਚ ਗੀਤ ਗਾਉਣ ਦਾ ਮੌਕਾ ਦੇ ਦਿੱਤਾ। 'ਪੰਚੋਲੀ ਆਰਟ ਬੈਨਰ' ਦੀ ਰਹਿਨੁਮਾਈ ਵਿੱਚ ਤਿਆਰ ਹੋਈ ਫਿਲਮ 'ਹੀਰੋ' ਦੇ ਵਲੀ ਸਾਹਿਬ ਵੱਲੋਂ ਲਿਖੇ ਗੀਤ 'ਕਣਕਾਂ ਦੀਆਂ ਫਸਲਾਂ ਪੱਕੀਆਂ ਨੇ', 'ਸੁਪਨੇ ਵਿੱਚ ਸੁਪਨਾ ਤੱਕਿਆ', 'ਆ ਦੁੱਖੜੇ ਫੋਲ', 'ਤੁਸੀਂ ਅੱਖੀਆਂ ਦਾ ਮੇਲ ਕਰਲੋ' ਆਦਿ ਬਹੁਤ ਪਸੰਦ ਕੀਤੇ ਗਏ। ਜਦੋਂ ਉਨ੍ਹਾਂ ਦੀ ਗਾਇਕੀ ਤਰੱਕੀ ਦੇ ਰਾਹ ਸਵਾਰ ਹੋਈ ਤਾਂ ਉਨ੍ਹਾਂ ਦਾ ਸੰਗੀਤਕਾਰ ਗੁਲਾਮ ਹੈਦਰ ਦੇ ਸੰਗੀਤ ਨਾਲ ਨਹੁੰ ਮਾਸ ਦਾ ਰਿਸ਼ਤਾ ਬਣਿਆ। ਸਾਲ 1941 ਵਿੱਚ ਸ਼ਮਸ਼ਾਦ ਬੇਗਮ ਨੇ 'ਚੌਧਰੀ' ਫਿਲਮ ਵਿੱਚ ਉਨ੍ਹਾਂ ਵੱਲੋਂ ਤਿਆਰ ਕੀਤੇ ਸੰਗੀਤ 'ਚ ਗੀਤਕਾਰ ਐਫ ਡੀ ਸਰਫ ਦੇ ਲਿਖੇ ਦੋ ਖੂਬਸੂਰਤ ਨਗਮੇ ਗਏ, ਜੋ ਬੇਹੱਦ ਪਸੰਦ ਕੀਤੇ ਗਏ। ਉਨ੍ਹਾਂ ਨੇ ਫਿਰ ਇਸੇ ਸੰਗੀਤਕਾਰ ਦੇ ਸੰਗੀਤ 'ਚ ਵਲੀ ਸਾਹਿਬ ਦੇ ਸਿਰਜੇ ਗੀਤ 'ਮੋਹੇ ਭਾਬੀ ਲਾ ਦੋ ਭਈਆ', 'ਸਾਵਨ ਕੇ ਨਜ਼ਾਰੇ ਹੈ', 'ਤੇਰੀ ਆਂਖੇ ਹੈਂ ਮਦ ਕੀ ਪਿਆਲੀ', 'ਏਕ ਕਲੀ ਨਾਜ਼ੋ ਸੇ ਪਲੀ', 'ਨੈਨੋ ਕੇ ਬਾਨ ਕੀ ਪ੍ਰੀਤ ਅਨੋਖੀ' ਆਦਿ ਨਗਮੇ ਗਏ ਜੋ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤੇ ਗਏ।

1942 ਅਤੇ 1943 ਵਿੱਚ ਪੰਜਾਬ ਦੀ ਇਸ ਧੀ ਨੇ 'ਦੁਨੀਆਂ ਮੇਂ ਗਰੀਬੋਂ ਕੋ ਅਰਾਮ ਨਹੀਂ ਮਿਲਤਾ' (ਫਿਲਮ ਜ਼ਿਮੀਂਦਾਰ), 'ਮੇਰੀ ਹਾਲ ਪਰ ਬੇਬਸੀ ਹੋ ਰਹੀ ਹੈ' (ਪੂੰਜੀ), 'ਗਾੜੀ ਵਾਲੇ ਦੁਪੱਟਾ ਉੜਾ ਜਾਏ ਰੇ' ਗੀਤਾਂ ਨਾਲ ਵੀ ਸਰੋਤਿਆਂ ਦੇ ਦਿਲਾਂ 'ਤੇ ਰਾਜ ਕੀਤਾ। ਮਾਸਟਰ ਗੁਲਾਮ ਹੈਦਰ ਦੇ ਸੰਗੀਤ ਤੋਂ ਬਿਨਾ ਸ਼ਮਸ਼ਾਦ ਬੇਗਮ ਨੇ ਆਪਣੀ ਆਵਾਜ਼ ਦਾ ਜਾਦੂ ਸੰਗੀਤਕਾਰਾਂ ਸ਼ਿਆਮ ਸੁੰਦਰ, ਨੌਸ਼ਾਦ ਅਲੀ, ਐਸ ਡੀ ਬਰਮਨ, ਵਿਨੋਦ ਹੰਸ ਰਾਜ ਬਹਿਲ, ਸਜਾਦ ਹੁਸੈਨ, ਗੁਲਾਮ ਮੁਹੰਮਦ, ਸ੍ਰੀ ਰਾਮ ਚੰਦਰ, ਭਗਤ ਰਾਮ, ਓ ਪੀ ਨਈਅਰ, ਪੰਡਿਤ ਹੁਸਨ ਲਾਲ, ਪੰਡਿਤ ਖੇਮ ਚੰਦ ਪ੍ਰਕਾਸ਼, ਅਨਿਲ ਬਿਸਵਾਸ, ਸਰਦੂਲ ਕਵਾਤੜਾ, ਐਸ ਮੋਹਿੰਦਰ, ਅੱਲਾ ਰੱਖਾ ਕੁਰੈਸ਼ੀ ਆਦਿ ਦੇ ਸੰਗੀਤ ਵਿੱਚ ਵੀ ਭਰਿਆ ਹੈ।

ਸਰੋਤਿਆਂ ਅੱਗੇ ਸਦਾ ਚੰਗੇ ਗੀਤ ਪੇਸ਼ ਕਰਨ ਵਾਲੀ ਅਤੇ ਤਾਮਿਲ, ਰਾਜਸਥਾਨੀ, ਭੋਜਪੁਰੀ, ਹਿੰਦੀ, ਪੰਜਾਬੀ ਅਤੇ ਹੋਰ ਵੀ ਭਾਸ਼ਾਵਾਂ ਵਿੱਚ ਗੀਤ ਗਾਉਣ ਵਾਲੀ ਸ਼ਮਸ਼ਾਦ ਬੇਗਮ 1955 ਵਿੱਚ ਆਪਣੇ ਜੀਵਨ ਸਾਥੀ ਦੇ ਗੁਜ਼ਰ ਜਾਣ 'ਤੇ ਕਾਫੀ ਉਦਾਸ ਰਹਿਣ ਲੱਗੀ। ਇਸ ਨਾਲ ਉਸ ਦੀ ਜ਼ਿੰਦਗੀ 'ਚ ਕਾਫੀ ਉਤਰਾਅ ਚੜ੍ਹਾਅ ਆਏ। ਅਜਿਹੇ ਵਿੱਚ ਉਨ੍ਹਾਂ ਗੀਤ ਗਾਉਣੇ ਘੱਟ ਕਰ ਦਿੱਤੇ। 1960 ਦੇ ਆਸ ਪਾਸ ਉਨ੍ਹਾਂ ਨੇ ਸੰਗੀਤਕ ਖੇਤਰ ਤੋਂ ਕਿਨਾਰਾ ਕਰ ਲਿਆ ਸੀ, ਪਰ ਸੰਗੀਤਕਾਰ ਓ ਪੀ ਨਈਅਰ ਨੇ 1966 ਵਿੱਚ ਸ਼ਮਸ਼ਾਦ ਬੇਗਮ ਨੂੰ ਫਿਲਮ 'ਕਿਸਮਤ' ਵਿੱਚ ਆਸ਼ਾ ਭੋਸਲੇ ਨਾਲ 'ਕਜ਼ਰਾ ਮੁਹੱਬਤ ਵਾਲਾ' ਗੀਤ ਗਾਉਣ ਲਈ ਜ਼ੋਰ ਪਾ ਕੇ ਹਾਂ ਕਰਵਾਈ। ਇਹ ਗੀਤ ਐਨਾ ਹਿੱਟ ਹੋਇਆ ਕਿ ਇਹ ਸਭ ਸੰਗੀਤ ਪ੍ਰੇਮੀਆਂ ਤੇ ਕਲਾ ਪ੍ਰੇਮੀਆਂ ਦੀ ਜ਼ੁਬਾਨ ਦਾ ਸ਼ਿੰਗਾਰ ਬਣਿਆ। ਇਸ ਨੇ ਸ਼ਮਸ਼ਾਦ ਬੇਗਮ ਦੀ ਸੁੰਨੀ ਜ਼ਿੰਦਗੀ ਵਿੱਚ ਰੌਣਕ ਭਰ ਦਿੱਤੀ।

ਉਨ੍ਹਾਂ ਵੱਲੋਂ ਗਾਇਕੀ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ 26 ਜਨਵਰੀ 2009 ਨੂੰ ਰਾਸ਼ਟਰਪਤੀ ਭਵਨ ਵਿਖੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ 'ਪਦਮ ਭੂਸ਼ਨ' ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। 1998 ਵਿੱਚ ਉਨ੍ਹਾਂ ਦਾ ਦੇਹਾਂਤ ਹੋਣ ਦੀ ਖਬਰ ਜੰਗਲ 'ਚ ਲੱਗੀ ਅੱਗ ਵਾਂਗ ਫੈਲ ਗਈ, ਜਦੋਂ ਕਿ ਉਹ ਬਿਲਕੁਲ ਤੰਦਰੁਸਤ ਸਨ। ਅਖਬਾਰਾਂ ਵਿੱਚ ਉਨ੍ਹਾਂ ਦੀ ਮੌਤ ਦੀਆਂ ਖਬਰਾਂ ਛਪ ਗਈਆਂ। ਉਦੋਂ ਮੌਤ ਅਦਾਕਾਰਾ ਸ਼ਾਇਰਾ ਬਾਨੋ ਦੀ ਨਾਨੀ ਦੀ ਹੋਈ ਸੀ, ਜਿਸ ਦਾ ਨਾਂ 'ਸ਼ਮਸ਼ਾਦ ਵਾਹਿਦ ਖਾਨ' ਸੀ। ਮਿਲਦੇ ਜੁਲਦੇ ਨਾਂ ਹੋਣ ਕਾਰਨ ਵੱਡਾ ਭੁਲੇਖਾ ਪੈ ਗਿਆ ਸੀ। ਪੁਸ਼ਟੀ ਹੋਣ 'ਤੇ ਉਨ੍ਹਾਂ ਦੇ ਸ਼ੁਭਚਿੰਤਕਾਂ ਨੇ ਸੁੱਖ ਦਾ ਸਾਹ ਲਿਆ। ਪੂਰੀ ਜ਼ਿੰਦਗੀ ਸੰਗੀਤ ਸੇਵਾ ਕਰਨ ਬਦਲੇ ਉਨ੍ਹਾਂ ਨੂੰ ਓ ਪੀ ਨਈਅਰ ਫਾਊਂਡੇਸ਼ਨ ਨੇ ਐਵਾਰਡ ਨਾਲ ਸਨਮਾਨਤ ਕੀਤਾ ਤਾਂ ਉਨ੍ਹਾਂ ਨੇ ਇਸ ਪੁਰਸਕਾਰ ਨੂੰ ਸਵੀਕਾਰ ਕਰ ਲਿਆ, ਪਰ ਇਸ ਨਾਲ ਮਿਲੀ ਰਕਮ ਲੈਣ ਤੋਂ ਇਨਕਾਰ ਕਰਦਿਆਂ ਇਹ ਰਾਸ਼ੀ ਲੋੜਵੰਦਾਂ ਅਤੇ ਗਰੀਬਾਂ ਨੂੰ ਦਾਨ ਕਰਨ ਲਈ ਦੇ ਦਿੱਤੀ।

ਸ਼ਮਸ਼ਾਦ ਬੇਗਮ ਵੱਲੋਂ ਗਾਏ ਹਰ ਗੀਤ ਨੂੰ ਸਰੋਤਿਆਂ ਨੇ ਰੱਜਵਾਂ ਪਿਆਰ ਦਿੱਤਾ। ਉਨ੍ਹਾਂ ਵੱਲੋਂ ਗਾਏ ਪੰਜਾਬੀ ਦੇ ਪ੍ਰਸਿੱਧ ਗੀਤਾਂ ਵਿੱਚ ਸ਼ਾਮਲ ਹਨ:

ਤੁਣਕਾ-ਤੁਣਕਾ ਮਾਰ ਕੇ
ਦੋ ਨੈਣਾਂ ਦਾ ਤੀਰ ਸਾਡਾ ਕਲੇਜਾ ਗਿਆ ਚੀਰ
...........
ਬੱਤੀ ਬਾਲ ਕੇ ਬਨੇਰੇ ਉਤੇ ਰੱਖਦੀ ਆਂ
............
ਛੱਡ ਦੇ ਤੂੰ ਮੇਰਾ ਦੁਪੱਟਾ ਸੁਣ ਮਾਝੇ ਦਿਆ ਜੱਟਾ
............
ਮੈਂ ਤੇ ਸਾਂ ਮਲੂਕ ਜਿਹੀ ਜੱਟ ਪੱਲੇ ਪੈ ਗਿਆ
............
ਨੀ ਟੁੱਟ ਜਾਏ ਰੇਲ ਗੱਡੀਏ
.............
ਆਇਆ ਨਾ ਚੰਨ ਬੀਤੀ ਏ ਬਹਾਰ
..............
ਕੱਚੀ ਟੁੱਟੀ ਗਈ ਜਿਨ੍ਹਾਂ ਦੀ ਯਾਰੀ
.................
ਗੁੜ ਖਾਂਦੀ ਤੇ ਨਾਲੇ ਗੰਨੇ ਚੂਪਦੀ
..............
ਰੁੱਤ ਭੰਗੜਾ ਪਾਉਣ ਦੀ ਆਈ
...............
ਚਿੱਟੇ-ਚਿੱਟੇ ਬੱਦਲਾਂ ਦੀ ਛਾਂ ਡੋਲਦੀ
..............
ਮੈਂ ਜੱਟੀ ਪੰਜਾਬ ਦੀ ਮੇਰਾ ਰੇਸ਼ਮ ਵਰਗਾ ਲੱਕ

ਸ਼ਮਸ਼ਾਦ ਬੇਗਮ ਨੇ ਪੰਜਾਬੀ ਗੀਤਾਂ ਤੋਂ ਇਲਾਵਾ ਕਈ ਹਿੰਦੀ ਫਿਲਮਾਂ ਵਿੱਚ ਵੀ ਅਨੇਕਾਂ ਗੀਤ ਗਾਏ, ਜੋ ਬਹੁਤ ਮਕਬੂਲ ਹੋਏ। ਉਨ੍ਹਾਂ ਵਿੱਚ ਹਨ:

ਆਨਾ ਮੇਰੀ ਜਾਨ ਸੰਡੇ ਕੇ ਸੰਡੇ (ਸ਼ਹਿਨਾਈ)
ਮੇਰੇ ਪੀਆ ਗਏ ਰੰਗੂਨ (ਪਤੰਗਾ)
ਸਈਆਂ ਦਿਲ ਮੇਂ ਆਨਾ ਰੇ (ਬਹਾਰ)
ਕਭੀ ਆਰ ਕਭੀ ਪਾਰ ਲਾਗਾ ਤੀਰ-ਏ-ਨਜ਼ਰ (ਆਰ ਪਾਰ)
ਬੂਝ ਮੇਰਾ ਕਿਆ ਨਾਓ ਰੇ (ਸੀ ਆਈ ਡੀ)
ਗਾੜੀ ਵਾਲੇ ਗਾੜੀ ਧੀਰੇ ਹਾਂਕ ਰੇ (ਮਦਰ ਇੰਡੀਆ)
ਕਜ਼ਰਾ ਮੁਹੱਬਤ ਵਾਲਾ (ਕਿਸਮਤ)

ਆਪਣੇ ਗੀਤਾਂ ਨਾਲ ਅਮਰ ਹੋਣ ਵਾਲੀ ਇਸ ਗਾਇਕਾ ਨੇ 23 ਅਪ੍ਰੈਲ 2013 ਨੂੰ ਭੌਤਿਕ ਸੰਸਾਰ ਨੂੰ ਤਿਆਗ ਦਿੱਤਾ। ਪਰ ਉਨ੍ਹਾਂ ਦੀ ਆਵਾਜ਼ ਦਾ ਜਾਦੂ ਰਹਿੰਦੀ ਦੁਨੀਆ ਤੱਕ ਚੱਲਦਾ ਰਹੇਗਾ।

# ਏਨਾ ਹੁਸਨ ਪੇ ਗ਼ਰੂਰ ਨਾ ਹਜ਼ੂਰ ਕੀਜੀਏ

ਰਮੇਸ਼ ਕੁਮਾਰ ਸ਼ਰਮਾ

ਸੋਹਣੀ ਇਸਤਰੀ ਜੰਗਲ ਦੀ ਅੱਗ ਵਾਂਗ ਹੁੰਦੀ ਹੈ, ਜੋ ਸਭ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਕਈ ਔਰਤਾਂ ਨੂੰ ਆਪਣੇ ਹੁਸਨ ਤੇ ਏਨਾ ਗ਼ਰੂਰ ਤੇ ਆਕੜ ਹੁੰਦੀ ਹੈ ਕਿ ਉਹ ਆਪਣੇ ਪਤੀ ਤੋਂ ਬਿਨਾਂ ਕਿਸੇ ਗੈਰ ਮਰਦ ਨਾਲ ਬੋਲਣ ਸਮੇਂ ਬੜੇ ਨਾਜ਼ ਨਖਰੇ ਨਾਲ ਬੜਾ ਥੋੜ੍ਹਾ ਜਿਹਾ ਮੂੰਹ ਖੋਲ੍ਹਣਗੀਆਂ, ਜਿਵੇਂ ਸਾਹਮਣੇ ਵਾਲਾ ਉਨ੍ਹਾਂ ਦਾ ਕੁਝ ਲਾਹ ਲਵੇਗਾ। ਅਜਿਹੀ ਇੱਕ ਹਸੀਨਾ ਮੇਰੇ ਨਾਲ ਦੇ ਕੁਆਰਟਰ ਵਿੱਚ ਆਪਣੇ ਪਤੀ ਤੇ ਇੱਕ ਤਿੰਨ ਸਾਲਾ ਬੱਚੇ ਨਾਲ ਰਹਿੰਦੀ ਸੀ। ਬੱਸ ਉਸ ਦੀ ਆਪਣੀ ਹੀ ਦੁਨੀਆ ਸੀ। ਮੈਂ, ਮੇਰਾ ਪਤੀ ਤੇ ਮੇਰਾ ਬੱਚਾ। ਉਸ ਦਾ ਪਤੀ ਵੀ ਆਪਣੇ ਆਪ ਨੂੰ ਤਾਜ ਮਹਿਲ ਦਾ ਚੌਕੀਦਾਰ ਸਮਝਦਾ ਸੀ। ਸਾਰਾ ਦਿਨ ਉਸੇ ਦੇ ਪਿੱਛੇ ਘੁੰਮਦਾ ਰਹਿੰਦਾ ਸੀ। ਉਹ ਪਠਾਨਕੋਟ ਨੇੜੇ ਕਿਸੇ ਸਕੂਲ ਦਾ ਅਧਿਆਪਕ ਸੀ। ਸਾਡਾ ਦਫਤਰ ਜੰਮੂ-ਪਠਾਨਕੋਟ ਰੋਡ ਉੱਤੇ ਸੀ। ਉਹ ਲੜਕੀ ਵੀ ਸਾਡੇ ਦਫਤਰ ਵਿੱਚ ਨੌਕਰੀ ਕਰਦੀ ਸੀ। ਮੇਰੇ ਨਾਲ ਕੁਆਰਟਰ ਵਿੱਚ ਮੇਰਾ ਇੱਕ ਦੋਸਤ ਰਹਿੰਦਾ ਸੀ। ਮੇਰੇ ਦੋਸਤ ਦੀਆਂ ਅੱਖਾਂ ਵਿੱਚ ਕੁਦਰਤ ਵੱਲੋਂ ਹਰ ਸਮੇਂ ਥੋੜ੍ਹੀ-ਥੋੜ੍ਹੀ ਜਿਹੀ ਲਾਲੀ ਰਹਿੰਦੀ ਸੀ, ਜਿਸ ਕਰ ਕੇ ਕਈਆਂ ਨੂੰ ਲੱਗਦਾ ਸੀ ਕਿ ਸ਼ਾਇਦ ਕੋਈ ਨਸ਼ਾ ਕਰਦਾ ਹੋਵੇ। ਮੇਰੇ ਬਾਰੇ ਤਾਂ ਪਤਾ ਨਹੀਂ ਉਹ ਕੀ ਸੋਚਦੀ ਹੋਵੇ, ਪ੍ਰੰਤੂ ਉਸ ਬਾਰੇ ਉਸ ਦੀ ਧਾਰਨਾ ਸੀ ਕਿ ਸ਼ਾਇਦ ਕੋਈ ਨਸ਼ੇੜੀ ਜਿਹਾ ਵਿਗੜਿਆ ਲੜਕਾ ਹੈ, ਜਦੋਂ ਕਿ ਉਹ ਬਹੁਤ ਹੀ ਵਧੀਆ ਤੇ ਮਿਲਣਸਾਰ ਇਨਸਾਨ ਸੀ।

ਜਵਾਨੀ ਆਦਮੀ ਕੀ ਮਾਯਾ ਏ
ਇਲਜ਼ਾਮ ਹੋਤੀ ਹੈ,
ਨਿਗਾਹੇਂ ਨੇਕ ਭੀ ਇਸ ਉਮਰ ਮੇਂ
ਬਦਨਾਮ ਹੋਤੀ ਹੈਂ।

ਸੁਣਿਆ ਹੈ, ਜਿਨ੍ਹਾਂ ਕੁੜੀਆਂ ਨੂੰ ਜ਼ਿਆਦਾ ਸੁਹੱਪਣ ਮਿਲਦਾ ਹੈ, ਉਨ੍ਹਾਂ ਨੂੰ ਪ੍ਰਮਾਤਮਾ ਤੋਂ ਜ਼ਿਆਦਾ ਸਿਆਣਪ ਦੀ ਦਾਤ ਨਹੀਂ ਮਿਲਦੀ। ਵੈਸੇ ਉਹ ਸਾਡੇ ਮੱਥੇ ਲੱਗਣਾ ਪਸੰਦ ਨਹੀਂ ਕਰਦੀ ਸੀ, ਫਿਰ ਵੀ ਗੁਆਂਢੀ ਹੋਣ ਨਾਤੇ ਵਿਹੜੇ ਵਿੱਚ ਖੜੀ ਨੂੰ ਨਮਸਤੇ ਕਰ ਦਿੰਦੇ ਤਾਂ ਉਹ ਮੂੰਹ ਦੂਜੇ ਪਾਸੇ ਕਰ ਲੈਂਦੀ ਸੀ।

ਇੱਕ ਦਿਨ ਉਹ ਸਟੂਲ ਉਤੇ ਖੜੋ ਕੇ ਖਿੜਕੀ ਦਾ ਸ਼ੀਸ਼ਾ ਸਾਫ ਕਰ ਰਹੀ ਸੀ ਕਿ ਅਚਾਨਕ ਸ਼ੀਸ਼ਾ ਟੁੱਟਣ ਨਾਲ ਉਸ ਦੀ ਬਾਂਹ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਉਸ ਨੇ ਚੀਕ ਮਾਰੀ। ਮੈਂ ਆਪਣੇ ਦੋਸਤ ਨੂੰ ਕਿਹਾ, ''ਲੱਗਦੈ ਕੋਈ ਹਾਦਸਾ ਹੋਇਐ।'' ਅਸੀਂ ਦੋਵਾਂ ਨੇ ਘੰਟੀ ਵਜਾਈ, ਉਸ ਦੀ ਕੰਮ ਵਾਲੀ ਨੇ ਬੂਹਾ ਖੋਲ੍ਹਿਆ। ਅਸੀਂ ਵੇਖਿਆ ਕਿ ਉਹ ਦਰਦ ਨਾਲ ਕਰਾਹ ਰਹੀ ਸੀ। ਅਸੀਂ ਉਸ ਨੂੰ ਡਾਕਟਰ ਕੋਲ ਚੱਲਣ ਲਈ ਕਿਹਾ, ਪਰ ਉਹ ਸਾਡੇ ਨਾਲ ਜਾਣ ਲਈ ਤਿਆਰ ਨਹੀਂ ਸੀ। ਅਸੀਂ ਉਸ ਨੂੰ ਕਿਹਾ ਸਾਡੇ ਪ੍ਰਤੀ ਜੋ ਤੁਹਾਡੇ ਮਨ ਦਾ ਗੁੱਸਾ ਗਿਲਾ ਹੈ, ਉਹ ਬਾਅਦ ਵਿੱਚ ਸਮਝ ਲੈਣਾ। ਉਨ੍ਹਾਂ ਦਿਨਾਂ ਵਿੱਚ ਸਕੂਟਰ ਬਹੁਤ ਘੱਟ ਲੋਕਾਂ ਕੋਲ ਹੁੰਦੇ ਸਨ। ਸਾਰੀ ਕਲੋਨੀ ਵਿੱਚ ਸਿਰਫ ਚਾਰ ਸਕੂਟਰ ਸਨ। ਅਸੀਂ ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਸਕੂਟਰ ਉਤੇ ਬਿਠਾਇਆ, ਮੈਂ ਪਿੱਛੇ ਬੈਠ ਕੇ ਉਸ ਦੀ ਬਾਂਹ ਨੂੰ ਸਹਾਰਾ ਦਿੱਤਾ। ਅਸੀਂ ਉਸ ਨੂੰ ਸੁਜਾਨਪੁਰ ਇੱਕ ਡਾਕਟਰ ਕੋਲ ਲੈ ਗਏ। ਓਦੋਂ ਤੱਕ ਖੂਨ ਬਹੁਤ ਨਿਕਲ ਚੁੱਕਾ ਸੀ। ਬਾਂਹ ਦੀ ਨਸ ਵੱਢੀ ਗਈ ਸੀ। ਡਾਕਟਰ ਨੇ ਟਾਂਕੇ ਲਾਏ ਤੇ ਖੂਨ ਦੇਣ ਲਈ ਕਿਹਾ। ਅਸੀਂ ਦੋਵਾਂ ਨੇ ਆਪਣਾ ਖੂਨ ਦਿੱਤਾ। ਕੁਝ ਦਿਨਾਂ ਵਿੱਚ ਉਸ ਦੇ ਜ਼ਖਮ ਭਰ ਗਏ।

ਇਸ ਹਾਦਸੇ ਨਾਲ ਵੀ ਉਸ ਦੇ ਸੁਭਾਅ ਵਿੱਚ ਕੋਈ ਤਬਦੀਲੀ ਨਾ ਆਈ। ਆਕੜ ਤੇ ਹੰਕਾਰ ਉਸੇ ਤਰ੍ਹਾਂ ਕਾਇਮ ਰਿਹਾ, ਸਗੋਂ ਉਸ ਨੇ ਆਪਣੀ ਇੱਕ ਸਹੇਲੀ ਨੂੰ ਕਿਹਾ, ''ਜਿਨ੍ਹਾਂ ਦਾ ਮੈਂ ਮੂੰਹ ਵੇਖਣਾ ਪਸੰਦ ਨਹੀਂ ਸੀ ਕਰਦੀ, ਮੈਨੂੰ ਉਨ੍ਹਾਂ ਵਿਚਕਾਰ ਬੈਠਣਾ ਪਿਆ। ਪਤਾ ਨਹੀਂ ਉਨ੍ਹਾਂ ਦਾ ਖੂਨ ਵੀ ਕਿਵੇਂ ਦਾ ਹੋਵੇਗਾ?''

ਪ੍ਰਮਾਤਮਾ ਸ਼ਾਇਦ ਉਸ ਦਾ ਹੰਕਾਰ ਤੋੜਨਾ ਚਾਹੁੰਦਾ ਸੀ। ਇੱਕ ਦਿਨ ਉਸ ਦੀ ਕੰਮ ਵਾਲੀ ਨੇ ਸਾਨੂੰ ਦੱਸਿਆ ਕਿ ''ਮੇਰੀ ਮਾਲਕਣ ਦੇ ਬੱਚੇ ਨੂੰ ਤੇਜ਼ ਬੁਖਾਰ ਹੋ ਗਿਐ।'' ਅਸੀਂ ਇੱਕ ਵਾਰ ਫਿਰ ਉਸ ਦੀ ਮਦਦ ਦਾ ਮਨ ਬਣਾ ਲਿਆ। ਮੈਂ ਤਾਂ ਸ਼ਾਇਦ ਢਿੱਲ ਕਰ ਦਿੰਦਾ, ਪਰ ਮੇਰੇ ਦੋਸਤ ਨੇ ਕਿਹਾ, ''ਫਿਰ ਆਪਣੇ ਅਤੇ ਉਸ ਵਿੱਚ ਕੀ ਫਰਕ ਰਹਿ ਜਾਵੇਗਾ।''

ਬੱਚਾ ਬੁਖਾਰ ਨਾਲ ਤਪ ਰਿਹਾ ਸੀ। ਅਸੀਂ ਉਸ ਨੂੰ ਨਾਲ ਜਾਣ ਲਈ ਕਿਹਾ, ਪਰ ਉਹ ਨਾ ਮੰਨੀ। ਕਲੋਨੀ ਸ਼ਹਿਰ ਤੋਂ ਦੂਰ ਸੀ। ਸਾਥੋਂ ਬੱਚੇ ਦੀ ਹਾਲਤ ਵੇਖੀ ਨਾ ਗਈ। ਅਸੀਂ ਉਸ ਦੇ ਕੰਮ ਵਾਲੀ ਨੂੰ ਬੱਚਾ ਫੜ ਕੇ ਸਕੂਟਰ ਉੱਤੇ ਬੈਠਣ ਲਈ ਕਿਹਾ, ਉਹ ਮੰਨ ਗਈ। ਅਸੀਂ ਬੱਚੇ ਨੂੰ ਸੁਜਾਨਪੁਰ ਦੇ ਇੱਕ ਡਾਕਟਰ ਦੇ ਘਰ ਲੈ ਗਏ। ਉਸ ਨੇ ਬੱਚੇ ਨੂੰ ਲਿਟਾ ਕੇ ਉਸ ਦੇ ਸਿਰ ਉਤੇ ਠੰਢੇ ਪਾਣੀ ਦੀਆਂ ਪੱਟੀਆਂ ਧਰਨੀਆਂ ਸ਼ੁਰੂ ਕਰ ਦਿੱਤੀਆਂ। ਬੱਚਾ ਆਪਣੀਆਂ ਅੱਖਾਂ ਖੋਲ੍ਹ-ਖੋਲ੍ਹ ਕੇ ਵੇਖ ਰਿਹਾ ਸੀ। ਅਸੀਂ ਸਾਰੇ ਘਬਰਾਏ ਖੜੇ ਸਾਂ ਕਿਉਂਕਿ ਬੱਚੇ ਕੋਲ ਘਰ ਦਾ ਕੋਈ ਮੈਂਬਰ ਜ਼ਰੂਰ ਹੋਣਾ ਚਾਹੀਦਾ ਸੀ। ਅਸੀਂ ਉਸ ਦੀ ਸਲਾਮਤੀ ਦੀ ਦੁਆ ਕਰ ਰਹੇ ਸਾਂ। ਏਨੇ ਨੂੰ ਬੱਚੇ ਦੇ ਮਾਤਾ-ਪਿਤਾ (ਮਾਸਟਰ ਅਤੇ ਮੈਡਮ) ਵੀ ਆ ਗਏ। ਬੱਚੇ ਦਾ ਬੁਖਾਰ ਥੋੜ੍ਹਾ ਘਟਣ ਤੇ ਡਾਕਟਰ ਨੇ ਉਸ ਨੂੰ ਇੰਜੈਕਸ਼ਨ ਦਿੱਤਾ।

ਅਸੀਂ ਡਾਕਟਰ ਨੂੰ ਦੱਸਿਆ ਕਿ ''ਇਹ ਬੱਚੇ ਦੇ ਮਾਤਾ ਪਿਤਾ ਨੇ।'' ਡਾਕਟਰ ਨੇ ਕਿਹਾ, ''ਕਿਸ ਤਰ੍ਹਾਂ ਦੇ ਮਾਂ-ਬਾਪ ਹੋ ਤੁਸੀਂ? ਬੱਚੇ ਦੇ ਮਾਮਲੇ ਵਿੱਚ ਏਨੀ ਲਾਪਰਵਾਹੀ? ਧੰਨਵਾਦ ਇਨ੍ਹਾਂ ਮੁੰਡਿਆਂ ਦਾ, ਜਿਨ੍ਹਾਂ ਨੇ ਸਮੇਂ ਸਿਰ ਬੱਚੇ ਨੂੰ ਏਥੇ ਲਿਆਂਦਾ, ਨਹੀਂ ਤਾਂ ਕੁਝ ਵੀ ਅਣਹੋਣੀ ਹੋ ਸਕਦੀ ਸੀ। ਬੱਚੇ ਨੂੰ 106 ਡਿਗਰੀ ਬੁਖਾਰ ਸੀ।''

ਮੈਡਮ ਨੇ ਕਿਹਾ, ''ਭਰਾ ਜੀ, ਮੁਆਫ ਕਰਨਾ ਮੈਂ ਬਹੁਤ ਸ਼ਰਮਿੰਦਾ ਹਾਂ, ਮੈਂ ਪਤਾ ਨਹੀਂ ਤੁਹਾਡੇ ਬਾਰੇ ਕੀ ਗਲਤ ਸੋਚਦੀ ਰਹੀ, ਤੁਸੀਂ ਤਾਂ ਸਾਡੇ ਲਈ ਫਰਿਸ਼ਤੇ ਬਣੇ ਆਏ ਹੋ। ਸਾਡਾ ਬੱਚਾ ਤੁਹਾਡੀ ਮਿਹਰਬਾਨੀ ਸਦਕਾ ਠੀਕ ਹੋਇਆ ਹੈ, ਸਾਨੂੰ ਦੋਵਾਂ ਨੂੰ ਮੁਆਫ ਕਰ ਦਿਓ।'' ਉਹ ਦੋਵੇਂ ਸਾਡੇ ਪੈਰਾਂ ਨੂੰ ਹੱਥ ਲਾਉਣ ਲੱਗੇ, ਪਰ ਮੇਰੇ ਦੋਸਤ ਨੇ ਫੜ ਲਿਆ। ਮੈਂ ਕਿਹਾ, ''ਮੈਡਮ ਜੀ, ਤੁਸੀਂ ਸਾਥੋਂ ਮੁਆਫੀ ਮੰਗ ਕੇ ਸ਼ਰਮਿੰਦਾ ਨਾ ਕਰੋ। ਅਸੀਂ ਤਾਂ ਬੱਸ ਚੰਗੇ ਗੁਆਂਢੀ ਹੋਣ ਦਾ ਫਰਜ਼ ਨਿਭਾਇਆ ਹੈ। ਬੱਚੇ ਤਾਂ ਰੱਬ ਦਾ ਰੂਪ ਹੁੰਦੇ ਹਨ।''

ਉਸ ਦਿਨ ਤੋਂ ਬਾਅਦ ਸਾਡੇ ਅਜਿਹੇ ਪਰਵਾਰਕ ਸੰਬੰਧ ਬਣੇ, ਜੋ ਸਾਡੇ ਸੇਵਾਮੁਕਤ ਹੋਣ ਉੱਤੇ ਵੀ ਕਾਇਮ ਹਨ। ਜੇ ਦਿਲ ਵਿੱਚ ਸ਼ਰਧਾ ਅਤੇ ਭਾਵਨਾ ਹੋਵੇ ਤਾਂ ਤੁਸੀਂ ਕਿਸੇ ਦਾ ਵੀ ਹਿਰਦਾ ਪਰਿਵਰਤਨ ਕਰ ਸਕਦੇ ਹੋ।

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile

Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3


ਪਿੰਡ ਟੱਲੇਵਾਲ ਜ਼ਿਲ੍ਹਾ ਬਰਨਾਲਾ ਦੀ ਸੰਗਤ
ਵਲੋਂ ਸੰਤ ਬਾਬਾ ਲਾਲ ਸਿੰਘ ਜੀ (ਬਰੱਕਤ)
ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਟੱਲੇਵਾਲ ਜ਼ਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਲਾਲ ਸਿੰਘ ਬਰੱਕਤ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 4 ਅਕਤੂਬਰ ਦਿਨ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਨਾਨਕ ਸਰ ਗੋਰ ਰੋਡ ਤੇ ਕੇਸਲ ਮੋਰ ਦੀ ਇੰਟਰ ਸੈਕਸ਼ਨ ਤੇ 11 ਵਜੇ ਆਰੰਭ ਕੀਤੇ ਜਾ ਰਹਿ ਹਨ ਤੇ ਭੋਗ 6 ਅਕਤੂਬਰ ਦਿਨ ਸ਼ਨਿਚਰਵਾਰ ਨੂੰ 12 ਵਜੇ ਨੂੰ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਨਾਨਕਸਰ ਠਾਠ ਈਸ਼ਰ ਦਰਬਾਰ (ਹਾਲ 4)
9954 Gore Rd, Brampton, ON L6P0A7

ਵਧੇਰੇ ਜਾਣਕਾਰੀ ਲਈ ਕਾਲ ਕਰੋ:
ਨਿਸ਼ਾਨ ਸਿੰਘ ਤੁੰਗ: 647-407-0013
ਜਸਵਿੰਦਰ ਸਿੰਘ: 416-819-5540
ਗਿਆਨ ਸਿੰਘ ਤੁੰਗ: 416-569-2187
ਜਾਂ 905-915-2596 | 905-915-2597

ਮੰਨ ਪਸੰਦ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
100% Satisfaction On Time
We Specialize In:

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)

- Custom Office Counters & Bar Installation
- We install all kinds of tiles and hardwood floor
ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)



## ਲੋਕਾਂ ਦੀ ਕਿਸਮਤ ਦੀ ਖੇਡ ਨਾਲ ਖਜ਼ਾਨਾ ਭਰਨ ਦੀ ਕੋਸ਼ਿਸ਼

ਚੰਡੀਗੜ੍ਹ, 1 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਜਲਦੀ ਹੀ ਆਨਲਾਈਨ ਅਤੇ ਦੂਸਰੀਆਂ ਲਾਟਰੀਆਂ ਸ਼ੁਰੂ ਕਰ ਕੇ ਲੋਕਾਂ ਦੀ ਕਿਸਮਤ ਨਾਲ ਖੁਦ ਨੂੰ ਮਾਲਾਮਾਲ ਕਰਨ ਜਾ ਰਹੀ ਹੈ। ਇਸ ਤੋਂ ਸਰਕਾਰ ਨੂੰ ਸਾਲਾਨਾ 400 ਤੋਂ 450 ਕਰੋੜ ਰੁਪਏ ਮਿਲਣਗੇ ਅਤੇ ਰਾਜ ਸਰਕਾਰ ਦਾ ਸਾਹ ਸੁਖਾਲਾ ਹੋਵੇਗਾ।

ਵਰਨਣ ਯੋਗ ਹੈ ਕਿ ਜੀ ਐੱਸ ਟੀ ਲਾਗੂ ਹੋਣ ਦੇ ਬਾਅਦ ਸਰਕਾਰ ਦੇ ਕੋਲ ਘੱਟ ਹੀ ਇਹੋ ਜਿਹੀਆਂ ਮੱਦਾਂ ਬਚੀਆਂ ਹਨ, ਜਿੱਥੇ ਸਰਕਾਰ ਕੋਈ ਟੈਕਸ ਲਾ ਸਕਦੀ ਹੈ। ਇਸੇ ਦੇ ਚਲਦੇ ਸਰਕਾਰ ਨੇ ਆਨਲਾਈਨ ਅਤੇ ਦੂਸਰੀਆਂ ਲਾਟਰੀਆਂ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਸਾਲ 2009 ਵਿੱਚ ਸੂਬੇ ਵਿੱਚ 336 ਵੀਕਲੀ, ਮਾਸਿਕ ਅਤੇ ਚਾਰ ਬੰਪਰ ਲਾਟਰੀਆਂ ਚਲਦੀਆਂ ਸਨ ਜਿਸ ਤੋਂ ਹਰ ਸਾਲ 170 ਕਰੋੜ ਰੁਪਏ ਆਮਦਨ ਹੁੰਦੀ ਸੀ। 2010 ਵਿੱਚ ਕੇਂਦਰ ਸਰਕਾਰ ਵੱਲੋਂ ਲਾਟਰੀ ਦੇ ਨਵੇਂ ਨਿਯਮ ਬਣਾਏ ਜਾਣ ਨਾਲ ਆਮਦਨ ਵਿੱਚ ਕਮੀ ਹੋ ਗਈ ਸੀ। ਇਸ ਸਮੇਂ ਕਈ ਦੂਸਰੇ ਸੂਬਿਆਂ ਦੀ ਬੰਪਰ ਅਤੇ ਦੂਸਰੀਆਂ ਲਾਟਰੀਆਂ ਵਿਕਦੀਆਂ ਹਨ ਜਿਸ ਤੋਂ ਸਰਕਾਰ ਨੂੰ ਕਮਾਈ ਹੁੰਦੀ ਹੈ, ਪਰ ਇੰਨੀ ਨਹੀਂ ਜਿੰਨੀ ਦੂਸਰੇ ਰਾਜਾਂ ਨੂੰ ਹੁੰਦੀ ਹੈ। ਬੀਤੇ ਸਾਲ ਦੂਸਰੇ ਰਾਜਾਂ ਦੀ ਲਾਟਰੀ ਤੋਂ 105 ਕਰੋੜ ਰੁਪਏ ਨੁਕਸਾਨ ਹੋਇਆ ਸੀ ਤੇ ਸਰਕਾਰ ਦੀ ਆਮਦਨ ਸਿਰਫ 20 ਕਰੋੜ ਰੁਪਏ ਰਹਿ ਗਈ ਸੀ। ਨਵੀਆਂ ਲਾਟਰੀਆਂ ਸ਼ੁਰੂ ਹੋਣ ਨਾਲ ਸੱਟੇ 'ਤੇ ਵੀ ਕਾਫੀ ਰੋਕ ਲੱਗੇਗੀ।

## ਦਲਿਤ ਨੌਜਵਾਨ ਬੇਰਹਿਮੀ ਨਾਲ ਕੁੱਟਿਆ, ਜਿਮ ਮਾਲਕ ਦੀ ਜੁੱਤੀ ਚਟਵਾਈ ਗਈ

ਸੁਨਾਮ ਊਧਮ ਸਿੰਘ ਵਾਲਾ, 1 ਅਕਤੂਬਰ (ਪੋਸਟ ਬਿਊਰੋ)- ਕਬੀਰ ਬਸਤੀ ਦੇ ਇੱਕ ਦਲਿਤ ਨੌਜਵਾਨ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੇ ਜਾਣ ਦੀ ਵੀਡੀਓ ਵਾਇਰਲ ਹੋ ਗਈ। ਪੀੜਤ ਜਗਿੰਦਰ ਉਰਫ ਗੋਲੂ ਦੇ ਪਰਵਾਰ, ਮੁਹੱਲਾ ਵਾਸੀਆਂ ਅਤੇ ਇਸ ਸ਼ਹਿਰ ਦੇ ਹੋਰ ਬਹੁਤ ਸਾਰੇ ਵਾਸੀਆਂ ਵਿੱਚ ਰੋਸ ਹੈ।



ਸ਼ਿਕਾਇਤ ਦਰਜ ਕਰਾਉਣ ਲਈ ਥਾਣਾ ਸਿਟੀ ਪਹੁੰਚੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਦੇ ਮੁਹੱਲੇ ਵਿੱਚ ਘਰ ਦੇ ਨਜ਼ਦੀਕ ਗੁਆਂਢੀਆਂ ਦੇ ਘਰ ਵਿੱਚ ਇੱਕ ਗੁੰਡਾ ਵਿਅਕਤੀ ਦਾਖਲ ਹੋਇਆ ਤੇ ਉਸ ਦੇ ਪਰਵਾਰ ਅਤੇ ਮੁਹੱਲਾ ਵਾਸੀਆਂ ਨੇ ਉਸ ਨੂੰ ਭਜਾ ਦਿੱਤਾ ਸੀ। ਉਸ ਤੋਂ ਅਗਲੇ ਦਿਨ ਜੋਗਿੰਦਰ ਨੂੰ ਦੋ ਨੌਜਵਾਨ ਦੁਕਾਨ ਤੋਂ ਬੁਲਾ ਕੇ ਲੈ ਗਏ ਅਤੇ ਕਈ ਲੋਕਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਕੁੱਟਦੇ ਕੁੱਟਦੇ ਉਸ ਦੇ ਘਰ ਤੱਕ ਲੈ ਗਏ। ਉਥੇ ਵੀ ਇੱਕ ਜਿਮ ਵਾਲੇ ਨੂੰ ਗਾਲਾਂ ਕੱਢਣ ਦਾ ਬਹਾਨਾ ਬਣਾ ਕੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ। ਇਸੇ ਦੌਰਾਨ ਔਰਤਾਂ ਦੀ ਮੌਜੂਦਗੀ ਵਿੱਚ ਉਸ ਤੋਂ ਜਿਮ ਵਾਲੇ ਦੀ ਚੱਪਲ ਚਟਵਾਈ ਅਤੇ ਉਸ ਦੀ ਭੈਣ ਦੀ ਮੌਜੂਦਗੀ ਵਿੱਚ ਜਿਮ ਵਾਲੇ ਨੂੰ ਕਈ ਵਾਰ ਜੀਜਾ ਕਹਿਣ ਦੇ ਲਈ ਮਜਬੂਰ ਕੀਤਾ ਗਿਆ। ਲੋਕ ਉਸ ਨੂੰ ਅੱਧਮਰੀ ਹਾਲਤ ਵਿੱਚ ਸੁਨਾਮ ਸਿਵਲ ਹਸਪਤਾਲ ਵਿੱਚ ਲੈ ਗਏ, ਜਿੱਥੋਂ ਉਸ ਨੂੰ ਸਿਵਲ ਹਸਪਤਾਲ ਸੰਗਰੂਰ ਰੈਫਰ ਕਰ ਦਿੱਤਾ ਗਿਆ ਅਤੇ ਕਈ ਦਿਨ ਉਸ ਦਾ ਇਲਾਜ ਚੱਲਿਆ, ਫਿਰ ਵੀ ਥਾਣਾ ਸਿਟੀ ਪੁਲਸ ਨੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਨਹੀਂ ਕੀਤੀ ਅਤੇ ਉਨ੍ਹਾਂ ਦਾ ਪੱਖ ਦਬਾਉਂਦੇ ਹੋਏ 107/51 ਦਾ ਮਾਮਲਾ ਦਰਜ ਕਰ ਕੇ ਪੱਲਾ ਝਾੜ ਲਿਆ। ਪੁਲਸ ਦੀ ਢਿੱਲੀ ਕਾਰਵਾਈ ਦੇ ਕਾਰਨ ਦੋਸ਼ੀਆਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਨ੍ਹਾਂ ਨੇ ਕੁੱਟਮਾਰ ਵਾਲੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਉਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਖੀ ਡਾਕਟਰ ਸੰਦੀਪ ਗਰਗ ਅਤੇ ਐਸ ਸੀ ਐਸ ਟੀ ਕਮਿਸ਼ਨ ਦੇ ਕੋਲ ਵੀ ਫਰਿਆਦ ਕੀਤੀ। ਇਸ ਦੇ ਬਾਅਦ ਪੁਲਸ ਨੇ 29 ਸਤੰਬਰ ਨੂੰ ਮੁਕੱਦਮਾ ਦਰਜ ਕੀਤਾ ਹੈ।

## ਲੱਖੋਵਾਲ ਦੇ ਮੁਤਾਬਕ ਪੰਜਾਬ ਕੋਲੋਂ ਪੰਜਾਬ ਯੂਨੀਵਰਸਿਟੀ ਮੋਦੀ ਸਰਕਾਰ ਨੇ ਖੋਹ ਲਈ ਹੈ



ਕੁਹਾੜਾ, 1 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਚੰਡੀਗੜ੍ਹ ਪੰਜਾਬ ਕੋਲੋਂ ਖੋਹਣ ਦੀਆਂ ਤਿਆਰੀਆਂ ਕਰ ਲਈਆਂ ਹਨ, ਜਿਸ ਦੀ ਭਾਜਪਾ ਨੇ ਆਪਣੀ ਭਾਈਵਾਲ ਪਾਰਟੀ ਅਕਾਲੀ ਦਲ ਨੂੰ ਭਿਣਕ ਤੱਕ ਨਹੀਂ ਲੱਗਣ ਦਿੱਤੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੱਲ੍ਹ ਇਥੇ ਪ੍ਰੈੱਸ ਕਾਨਫਰੰਸ ਵਿੱਚ ਅਜਮੇਰ ਸਿੰਘ ਲੱਖੋਵਾਲ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਨੇ ਕੀਤਾ, ਜਿਹੜੇ ਅਕਾਲੀ ਦਲ ਦੇ ਨੇੜੇ ਗਿਣੇ ਜਾਂਦੇ ਹਨ।

ਲੱਖੋਵਾਲ ਨੇ ਕਿਹਾ ਕਿ ਪੰਜਾਬ ਵਿੱਚ ਚੰਡੀਗੜ੍ਹ ਵਿਖੇ ਚੱਲ ਰਹੀ ਪੰਜਾਬ ਯੂਨੀਵਰਸਿਟੀ ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਵਿਖੇ ਚੱਲਦੀ ਸੀ, ਬਾਅਦ ਵਿੱਚ ਪੱਕੇ ਤੌਰ 'ਤੇ ਚੰਡੀਗੜ੍ਹ ਸਥਾਪਤ ਹੋ ਗਈ ਸੀ, ਜਿਸ ਨੂੰ ਦੇਸ਼ ਦੀ ਵੰਡ ਵਾਂਗ ਮੋਦੀ ਸਰਕਾਰ ਨੇ ਚੁੱਪ-ਚੁਪੀਤੇ ਆਪਣੀ ਭਾਈਵਾਲ ਪਾਰਟੀ ਨੂੰ ਬਿਨਾਂ ਦੱਸੇ ਇੱਕ ਨੋਟੀਫਿਕੇਸ਼ਨ ਜਾਰੀ ਕਰ ਕੇ (ਯੂ ਟੀ) ਦੇ ਅਧੀਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਨੂੰ ਪੰਜਾਬ ਕੋਲੋਂ ਖੋਹ ਕੇ ਮੋਦੀ ਸਰਕਾਰ ਨੇ ਪੰਜਾਬੀਆਂ ਦੇ ਦੇਸ਼ ਦੀ ਵੰਡ ਮੌਕੇ ਹੋਏ ਜ਼ਖਮਾਂ 'ਤੇ ਨਮਕ ਛਿੜਕਣ ਵਾਲੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਨਾਲ ਪੰਜਾਬ ਨੂੰ ਸਿਹਤ ਸਹੂਲਤਾਂ ਦੇਣ ਵਾਲਾ ਵੱਡਾ ਹਸਪਤਾਲ (ਪੀ ਜੀ ਆਈ) ਤੇ ਹੋਰ ਅਹਿਮ ਅਦਾਰੇ ਵੀ ਪੰਜਾਬ ਹੱਥੋਂ ਖੁੱਸ ਜਾਣਗੇ ਤੇ ਕਾਂਗਰਸ ਸਰਕਾਰ ਵੱਲੋਂ ਪੰਜਾਬੀ ਲਾਗੂ ਕਰਾਉਣ ਦੀ ਕੋਸ਼ਿਸ਼ ਨੂੰ ਢਾਹ ਲੱਗੇਗੀ। ਉਨ੍ਹਾਂ ਨੇ ਅਕਾਲੀ ਦਲ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਆਪਣੀ ਕੇਂਦਰ ਦੀ ਭਾਈਵਾਲ ਮੋਦੀ ਸਰਕਾਰ ਤੋਂ ਪੰਜਾਬ ਨੂੰ ਬਰਬਾਦ ਕਰਨ ਵਾਲੇ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ, ਨਹੀਂ ਤਾਂ ਇਹੋ ਜਿਹੀ ਭਾਈਵਾਲ ਪਾਰਟੀ ਨਾਲੋਂ ਸਦਾ ਲਈ ਨਾਤਾ ਤੋੜੇ।

ਇਸ ਮਾਮਲੇ ਵਿੱਚ ਲੱਖੋਵਾਲ ਨੇ ਕਿਹਾ ਕਿ ਜੇ ਮੋਦੀ ਸਰਕਾਰ ਨੇ ਆਪਣਾ ਨੋਟੀਫਿਕੇਸ਼ਨ ਅਤੇ ਪੰਜਾਬ ਨੂੰ ਬਰਬਾਦ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਨੂੰ ਬੰਦ ਨਾ ਕੀਤਾ ਤਾਂ ਭਾਰਤੀ ਕਿਸਾਨ ਯੂਨੀਅਨ ਪੰਜਾਬੀਆਂ ਨੂੰ ਨਾਲ ਲੈ ਕੇ ਇੱਕ ਵੱਡਾ ਅੰਦੋਲਨ ਕੇਂਦਰ ਸਰਕਾਰ ਦੇ ਖਿਲਾਫ ਵਿੱਢੇਗੀ, ਜਿਸਦੀ ਜ਼ਿੰਮੇਵਾਰੀ ਸੰਬੰਧਤ ਸਰਕਾਰ ਦੀ ਹੋਵੇਗੀ।

## ਹਰਿਮੰਦਰ ਸਾਹਿਬ ਦੇ ਮੁੱਖ ਮੈਨੇਜਰ 'ਤੇ ਕੁੱਟ-ਮਾਰ ਦਾ ਕੇਸ ਦਰਜ

ਅੰਮ੍ਰਿਤਸਰ, 1 ਅਕਤੂਬਰ (ਪੋਸਟ ਬਿਊਰੋ)- ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੌਰਾਨ ਕਾਂਗਰਸੀ ਉਮੀਦਵਾਰ ਬੀਬੀ ਹਰਸ਼ਰਨ ਕੌਰ ਦੇ ਸਮਰਥਕਾਂ ਨਾਲ ਅਕਾਲੀ ਦਲ ਦੇ ਜਸਪਾਲ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ, ਚਮਕੌਰ ਸਿੰਘ, ਮਲਕੀਤ ਸਿੰਘ, ਜਗਰੂਪ ਸਿੰਘ ਦੇ ਨਾਲ 25/26 ਅਣਪਛਾਤੇ ਲੋਕਾਂ ਦੇ ਖਿਲਾਫ ਗੁਰਿੰਦਰ ਸਿੰਘ ਵਾਸੀ ਅਲਾਦੀਨਪੁਰ ਦੀ ਕੁੱਟਮਾਰ ਕਰਨ ਅਤੇ ਸੱਟਾਂ ਲਾਉਣ ਦਾ ਕੇਸ ਦਰਜ ਕੀਤਾ ਹੈ।

ਏ ਐਸ ਆਈ ਬਲਬੀਰ ਸਿੰਘ ਨੇ ਦੱਸਿਆ ਕਿ ਉਪਰੋਕਤ ਲੋਕਾਂ 'ਤੇ ਧਾਰਾ 326, 452, 324, 323, 148, 149 ਦਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਿੰਦਰ ਸਿੰਘ ਦੇ ਬਿਆਨਾਂ ਅਨੁਸਾਰ ਮਿਤੀ 19 ਸਤੰਬਰ ਨੂੰ ਚੋਣਾਂ ਸਮੇਂ ਮੁਦਈ ਕਾਂਗਰਸ ਪਾਰਟੀ ਦੇ ਉਮੀਦਵਾਰ ਹਰਸ਼ਰਨ ਕੌਰ ਦੇ ਪਰਚੀਆਂ ਕੱਟਣ ਵਾਲੇ ਬੂਥ ਪਿੰਡ ਅਲਾਦੀਨਪੁਰ 'ਤੇ ਖੜਾ ਸੀ ਕਿ ਦੋਸ਼ੀਆਂ ਨੇ ਉਸ ਦੇ ਸੱਟਾਂ ਮਾਰੀਆਂ। ਫਿਰ ਮੁਦਈ ਆਪਣੇ ਤਾਏ ਦੇ ਘਰ ਚਲਾ ਗਿਆ ਤਾਂ ਦੋਸ਼ੀਆਂ ਨੇ ਘਰ ਅੰਦਰ ਦਾਖਲ ਹੋ ਕੇ ਉਸ ਦੀ ਕੁੱਟਮਾਰ ਕੀਤੀ, ਉਸ ਨੂੰ ਜ਼ਖਮੀ ਹਾਲਤ ਵਿੱਚ ਸਿਵਲ ਹਸਪਤਾਲ ਤਰਨ ਤਾਰਨ ਦਾਖਲ ਕਰਵਾਇਆ ਗਿਆ। ਮੋਹਤਬਰ ਰਾਜ਼ੀਨਾਮਾ ਕਰਵਾਉਂਦੇ ਰਹੇ, ਜੋ ਨਹੀਂ ਹੋ ਸਕਿਆ ਤੇ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਭਾਲ ਕਰ ਰਹੀ ਹੈ। ਛਾਪੇਮਾਰੀ ਕੀਤੀ ਜਾ ਰਹੀ ਹੈ।

## ਪਾਵਰਕੌਮ ਨੇ ਵਾਧੂ ਬਿਜਲੀ ਵੇਚਣ ਦਾ ਰਿਕਾਰਡ ਬਣਾ ਧਰਿਆ

ਪਟਿਆਲਾ, 1 ਅਕਤੂਬਰ (ਪੋਸਟ ਬਿਊਰੋ)- ਪੰਜਾਬ ਪਾਵਰਕੌਮ ਨੇ ਵਾਧੂ ਬਿਜਲੀ ਵੇਚਣ ਦੇ ਪੱਖ ਤੋਂ ਰਿਕਾਰਡ ਕਾਇਮ ਕਰਨ ਅਤੇ ਦੇਸ਼ ਭਰ 'ਚ ਮੋਹਰੀ ਰਹਿਣ ਦਾ ਦਾਅਵਾ ਕੀਤਾ ਅਤੇ ਝੋਨੇ ਦੇ ਖਤਮ ਹੋਏ ਸੀਜ਼ਨ ਨੂੰ ਹਰ ਪੱਖੋਂ ਸਫਲ ਕਰਾਰ ਦਿੱਤਾ ਹੈ। ਇਸ ਰੁਝਾਨ ਨਾਲ ਆਮ ਖਪਤਕਾਰਾਂ ਨੂੰ ਵੀ ਬਿਜਲੀ ਸਸਤੀ ਹੋਣ ਦੀ ਉਮੀਦ ਜਾਗੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਪਾਵਰਕੌਮ ਨੇ ਸਤੰਬਰ ਮਹੀਨੇ ਵਿੱਚ 426.38 ਕਰੋੜ ਰੁਪਏ ਦੀ ਬਿਜਲੀ ਬਾਹਰੀ ਰਾਜਾਂ ਨੂੰ ਵੇਚੀ ਹੈ, ਜੋ ਆਪਣੇ ਆਪ ਵਿੱਚ ਰਿਕਾਰਡ ਹੈ। 'ਇੰਡੀਅਨ ਐਨਰਜੀ ਐਕਸਚੇਂਜ' ਦੇ ਸਰਵੇਖਣ 'ਚ ਵਿਕਰੀ ਦਾ ਇਹ ਅੰਕੜਾ ਦੇਸ਼ ਭਰ ਵਿੱਚੋਂ ਸਭ ਤੋਂ ਅੱਗੇ ਹੈ। ਸਤੰਬਰ 'ਚ 744.5 ਮਿਲੀਅਨ ਯੂਨਿਟ ਬਿਜਲੀ 5.73 ਰੁਪਏ ਪ੍ਰਤੀ ਯੂਨਿਟਦੇ ਹਿਸਾਬ ਨਾਲ ਵੇਚੀ ਗਈ। ਪਿਛਲੇ ਸਾਲ ਸਤੰਬਰ ਮਹੀਨੇ ਦੌਰਾਨ 70.44 ਕਰੋੜ ਰੁਪਏ ਦੀ ਬਿਜਲੀ 4.19 ਰੁਪਏ ਪ੍ਰਤੀ ਯੂਨਿਟ ਦੇ ਭਾਅ ਨਾਲ ਵੇਚੀ ਗਈ ਸੀ। ਉਦੋਂ 168.3 ਮਿਲੀਅਨ ਯੂਨਿਟ ਬਿਜਲੀ ਵਿਕੀ ਸੀ। ਪਾਵਰਕੌਮ ਨੇ ਐਤਕੀਂ ਅਪਰੈਲ ਤੋਂ ਸਤੰਬਰ ਤੱਕ 1073 ਮਿਲੀਅਨ ਯੂਨਿਟ ਬਿਜਲੀ ਵੇਚੀ ਹੈ, ਜਿਸ ਨਾਲ 569.24 ਕਰੋੜ ਰੁਪਏ ਮਿਲੇ ਹਨ। ਇਹ ਬਿਜਲੀ ਔਸਤਨ 5.31 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਵੇਚੀ ਗਈ। ਪਾਵਰਕੌਮ ਦੇ ਸੀ ਐਮ ਡੀ ਇੰਜਨੀਅਰ ਬਲਦੇਵ ਸਿੰਘ ਸਰਾਂ ਨੇ ਦੱਸਿਆ ਕਿ ਚੰਗੇ ਪ੍ਰਬੰਧ ਕਾਰਨ ਬਿਜਲੀ ਵੇਚਣ ਪੱਖੋਂ ਮੋਹਰੀ ਰਹਿਣ ਦਾ ਸਬੱਬ ਬਣਿਆ ਹੈ। ਉਨ੍ਹਾਂ ਦੱਸਿਆ ਕਿ ਭਾਵੇਂ ਬਠਿੰਡਾ ਥਰਮਲ ਪੂਰੀ ਤਰ੍ਹਾਂ ਬੰਦ ਰਿਹਾ ਅਤੇ ਰੋਪੜ ਥਰਮਲ ਦੇ ਦੋ ਯੂਨਿਟ ਬੰਦ ਰਹੇ, ਪੈਦਾਵਾਰ ਪੱਖੋਂ ਹੋਰ ਵੀ ਕਈ ਦਿੱਕਤਾਂ ਰਹੀਆਂ, ਇਸ ਦੇ ਬਾਵਜੂਦ ਬਿਜਲੀ ਸਪਲਾਈ ਦਾ ਸੰਤੁਲਨ ਕਾਇਮ ਰਿਹਾ।

## ਕੁੱਟ ਮਾਰ, ਗਹਿਣੇ ਚੋਰੀ ਤੇ ਜਬਰੀ ਕਾਰ ਲਿਜਾਣ ਉੱਤੇ ਸ਼ਿਵ ਸੈਨਾ ਨੇਤਰੀ ਸਣੇ ਚਾਰ ਜਣੇ ਨਾਮਜ਼ਦ

ਜਲੰਧਰ, 1 ਅਕਤੂਬਰ (ਪੋਸਟ ਬਿਊਰੋ)- ਟਾਵਰ ਇਨਕਲੇਵ ਵਿਖੇ ਰਹਿੰਦੀ ਪੀ ਏ ਪੀ ਵਿੱਚ ਤੈਨਾਤ ਸੀਨੀਅਰ ਮੁਲਾਜ਼ਮ ਰਾਜ ਕੁਮਾਰੀ ਦੇ ਘਰ ਵੜ ਕੁੱਟ ਮਾਰ ਕਰਨ, ਘਰੋਂ ਜ਼ਬਰਦਸਤੀ ਕਾਰ ਲਿਜਾਣ ਤੇ ਸੋਨੇ ਦੇ ਗਹਿਣਿਆਂ ਸਮੇਤ ਕੈਸ਼ ਚੋਰੀ ਕਰਨ ਦੇ ਦੋਸ਼ਾਂ ਹੇਠ ਪੁਲਸ ਨੇ ਸ਼ਿਵ ਸੈਨਾ ਬਾਲ ਠਾਕਰੇ ਪੰਜਾਬ ਦੀ ਮਹਿਲਾ ਵਿੰਗ (ਭਿਵਾਨੀ ਸੈਨਾ) ਦੀ ਪੰਜਾਬ ਪ੍ਰਧਾਨ ਊਸ਼ਾ ਰਾਣੀ ਮਾਹੀ ਸਮੇਤ ਚਾਰ ਲੋਕਾਂ 'ਤੇ ਕੇਸ ਦਰਜ ਕੀਤਾ ਹੈ। ਜਿਸ ਕਾਰ ਨੂੰ ਜ਼ਬਰਦਸਤੀ ਲਿਜਾਣ ਦੇ ਦੋਸ਼ ਲੱਗੇ ਹਨ ਉਹ ਕਾਰ ਪੁਲਸ ਜਾਂਚ 'ਚ ਊਸ਼ਾ ਰਾਣੀ ਮਾਹੀ ਦੇ ਘਰ 'ਚ ਖੜ੍ਹੀ ਮਿਲੀ ਸੀ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਪੀ ਏ ਪੀ ਦੀ ਸੀਨੀਅਰ ਅਸਿਸਟੈਂਚ ਰਾਜ ਕੁਮਾਰੀ ਵਾਸੀ ਟਾਵਰ ਇਨਕਲੇਵ ਨੇ ਦੋਸ਼ ਲਾਇਆ ਸੀ ਕਿ ਜਸਬੀਰ ਕੌਰ ਅਤੇ ਕੁਝ ਅਣਪਛਾਤੇ ਲੋਕਾਂ ਨੇ ਉਸ ਦੇ ਘਰ 'ਚ ਆ ਕੇ ਪੈਸਿਆਂ ਦੀ ਮੰਗ ਕੀਤੀ ਸੀ। ਉਨ੍ਹਾਂ ਦਾ ਦੋਸ਼ ਸੀ ਕਿ ਉਸ ਨੇ ਊਸ਼ਾ ਮਾਹੀ ਦੇ ਪੈਸੇ ਦੇਣੇ ਹਨ। ਰਾਜ ਕੁਮਾਰੀ ਚੱਲਣ ਵਿੱਚ ਅਸਮਰਥ ਹੈ ਜਿਸ ਦਾ ਕਹਿਣਾ ਸੀ ਕਿ ਉਸ ਨੇ ਮਾਹੀ ਦੇ ਸਾਰੇ ਪੈਸੇ ਵਾਪਸ ਦੇ ਦਿੱਤੇ ਸਨ।



ਇਹ ਸੁਣ ਕੇ ਉਕਤ ਲੋਕਾਂ ਨੇ ਰਾਜ ਕੁਮਾਰੀ ਨਾਲ ਕੁੱਟ ਮਾਰ ਕੀਤੀ। ਰਾਜ ਕੁਮਾਰੀ ਦੀ ਅਸਮਰੱਥਾ ਦਾ ਲਾਭ ਉਠਾ ਕੇ ਉਨ੍ਹਾਂ ਨੇ ਘਰ 'ਚ ਖੜ੍ਹੀ ਆਲਟੋ ਕਾਰ ਨੂੰ ਡੁਪਲੀਕੇਟ ਚਾਬੀ ਲਾਈ ਅਤੇ ਲੈ ਗਏ। ਦੋਸ਼ ਹੈ ਕਿ ਇਸ ਤੋਂ ਪਹਿਲਾਂ ਵੀ ਊਸ਼ਾ ਮਾਹੀ, ਨਰਿੰਦਰ ਮਿੱਠੂ, ਜਸਵੀਰ ਕੌਰ, ਮਨਜੋਤ ਕੌਰ ਤੇ ਅਣਪਛਾਤੇ ਲੋਕਾਂ ਨੇ ਰਾਜ ਕੁਮਾਰੀ ਦੇ ਘਰ 'ਚ ਦਾਖਲ ਹੋ ਕੇ ਜਾਨੋ ਮਾਰਨ ਦੀਆਂ ਦਿੰਦਿਆਂ 2.50 ਲੱਖ ਰੁਪਏ ਮੰਗੇ ਸਨ। ਉਦੋਂ ਇਹ ਲੋਕ ਰਾਜ ਕੁਮਾਰੀ ਨੂੰ ਬੰਧਕ ਬਣਾ ਕੇ ਅਲਮਾਰੀ 'ਚੋਂ ਸੋਨੇ ਦੀਆਂ ਚਾਰ ਚੂੜੀਆਂ, 25 ਹਜ਼ਾਰ ਰੁਪਏ ਤੇ ਕਾਰ ਦੇ ਦਸਤਾਵੇਜ਼ ਲੈ ਗਏ ਸਨ। ਜਾਂਚ ਕਰਨ ਤੋਂ ਬਾਅਦ ਥਾਣਾ ਭਾਰਗੋ ਕੈਂਪ ਵਿੱਚ ਸ਼ਿਵ ਸੈਨਾ ਨੇਤਰੀ ਊਸ਼ਾ ਰਾਣੀ ਮਾਹੀ ਵਾਸੀ ਟਾਵਰ ਇਨਕਲੇਵ,'ਤੇ ਕੇਸ ਦਰਜ ਕਰ ਲਿਆ।

## ਕੰਧ ਟੱਪ ਕੇ ਘਰ ਵਿੱਚ ਆਈ ਪੁਲਸ ਟੀਮ ਨੂੰ ਲੋਕਾਂ ਨੇ ਨਜ਼ਰਬੰਦ ਕਰ ਲਿਆ

ਅੰਮ੍ਰਿਤਸਰ, 1 ਅਕਤੂਬਰ (ਪੋਸਟ ਬਿਊਰੋ)- ਨਸ਼ਾ ਤਸਕਰੀ ਦੀ ਸੂਚਨਾ 'ਤੇ ਕੰਬੋ ਥਾਣੇ ਦੀ ਪੁਲਸ ਨੇ ਮਹਿਣੀਆਂ ਕੁਹਾਰਾਂ ਪਿੰਡ ਵਿੱਚ ਕੱਲ੍ਹ ਸਵੇਰੇ ਘਰ ਦੀ ਕੰਧ ਟੱਪ ਕੇ ਅੰਦਰ ਆਣ ਦਿਖਾਲੀ ਦਿੱਤੀ। ਤੜਕੇ ਹੋਈ ਪੁਲਸ ਦੀ ਇਸ ਕਾਰਵਾਈ ਤੋਂ ਪਰਵਾਰ ਦੇ ਸਾਰੇ ਮੈਂਬਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸ ਘਟਨਾ ਤੋਂ ਹੱਕੇ-ਬੱਕੇ ਹੋਏ ਪਰਵਾਰ ਦੇ ਮੈਂਬਰਾਂ ਨੇ ਰੌਲਾ ਪਾ ਕੇ ਪਿੰਡ ਦੇ ਲੋਕਾਂ ਨੂੰ ਇਕੱਠਾ ਕਰ ਲਿਆ। ਮੌਕੇ 'ਤੇ ਮੌਜੂਦ ਜਦ ਲੋਕਾਂ ਨੇ ਪੁਲਸ ਟੀਮ ਤੋਂ ਗਲਤ ਤਰੀਕੇ ਨਾਲ ਘਰ ਵਿੱਚ ਦਾਖਲ ਹੋਣ ਦਾ ਕਾਰਨ ਪੁੱਛਿਆ ਤਾਂ ਪੁਲਸ ਵਾਲੇ ਕੋਈ ਠੋਸ ਜਵਾਬ ਨਹੀਂ ਦੇ ਸਕੇ। ਲੋਕਾਂ ਨੇ ਪੁਲਸ ਟੀਮ ਘਰ ਵਿੱਚ ਨਜ਼ਰਬੰਦ ਕਰ ਲਈ ਤੇ ਜਦੋਂ ਉਚ ਅਧਿਕਾਰੀ ਉਥੇ ਪਹੁੰਚੇ ਤਾਂ ਉਨ੍ਹਾਂ ਨੂੰ ਛੱਡਿਆ। ਡੀ ਐੱਸ ਪੀ ਅਮਨਦੀਪ ਕੌਰ ਨੇ ਦੱਸਿਆ ਕਿ ਕਿਸਾਨ ਦੇ ਘਰ ਨਸ਼ਾ ਛੁਪਾ ਕੇ ਰੱਖੇ ਹੋਣ ਦੀ ਸੂਚਨਾ ਸੀ। ਉਨ੍ਹਾਂ ਨੇ ਪੁਲਸ ਟੀਮ ਵੱਲੋਂ ਘਰ ਦੀ ਕੰਧ ਟੱਪ ਕੇ ਵੜਨ ਦੀ ਗੱਲ ਨੂੰ ਰੱਦ ਕੀਤਾ ਹੈ।



ਮਿਲੀ ਜਾਣਕਾਰੀ ਮੁਤਾਬਕ ਪੁਲਸ ਚੌਕੀ ਸੋਹੀਆਂ ਖੁਰਦ ਦੇ ਇੰਚਾਰਜ ਏ ਐੱਸ ਆਈ ਪਰਮਜੀਤ ਸਿੰਘ ਆਪਣੇ ਦੋ ਪੁਲਸ ਮੁਲਾਜ਼ਮਾਂ ਨੂੰ ਲੈ ਕੇ ਮਹਿਣੀਆਂ ਕੁਹਾਰਾਂ ਪਿੰਡ ਦੇ ਇੱਕ ਘਰ ਵਿੱਚ ਛਾਪੇ ਮਾਰਨ ਪਹੁੰਚੇ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਹੀਰਾ ਸਿੰਘ ਨਾਂਅ ਦਾ ਕਿਸਾਨ ਘਰ 'ਚ ਨਸ਼ਾ ਤਸਕਰੀ ਦਾ ਧੰਦਾ ਕਰਦਾ ਹੈ। ਕੱਲ੍ਹ ਸਵੇਰੇ ਪੁਲਸ ਮੁਲਾਜ਼ਮ ਕੰਧ ਟੱਪ ਕੇ ਹੀਰਾ ਸਿੰਘ ਦੇ ਘਰ ਦਾਖਲ ਹੋਏ। ਜਦ ਪਰਵਾਰ ਦੇ ਮੈਂਬਰਾਂ ਨੇ ਬਰਾਂਡੇ ਵਿੱਚ ਰੌਲਾ ਸੁਣਿਆ ਤਾਂ ਉਹ ਉਠ ਕੇ ਬਾਹਰ ਆ ਗਏ ਅਤੇ ਉਥੇ ਖਾਕੀ ਵਰਦੀ ਪਹਿਨੇ ਤਿੰਨ ਵਿਅਕਤੀਆਂ ਨੂੰ ਦੇਖ ਕੇ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪੁਲਸ ਮੁਲਾਜ਼ਮਾਂ ਨੇ ਜਦ ਘਰ ਦੀ ਤਲਾਸ਼ੀ ਲੈਣੀ ਚਾਹੀ ਤਾਂ ਘਰ ਦੇ ਲੋਕਾਂ ਨੇ ਰੌਲਾ ਪਾ ਕੇ ਲੋਕਾਂ ਨੂੰ ਘਰ ਇਕੱਠਾ ਕਰ ਲਿਆ। ਪਿੰਡ ਦੇ ਲੋਕਾਂ ਨੇ ਜਦ ਪੁਲਸ ਟੀਮ ਨੂੰ ਕੰਧ ਟੱਪ ਕੇ ਆਉਣ ਦਾ ਕਾਰਨ ਪੁੱਛਿਆ ਤਾਂ ਉਹ ਜਵਾਬ ਨਹੀਂ ਦੇ ਸਕੇ। ਪਰਵਾਰ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਵੀ ਲੱਗ ਰਿਹਾ ਸੀ ਕਿ ਪੁਲਸ ਦੇ ਵਰਦੀ ਪਾ ਕੇ ਕੋਈ ਲੁਟੇਰਾ ਘਰ ਵਿੱਚ ਆ ਗਿਆ ਹੈ।

## ਕਰਤਾਰਪੁਰ ਸਾਹਿਬ ਦਾ ਲਾਂਘਾ ਲੈਣ ਦਾ ਮੁੱਦਾ ਜਗਮੀਤ ਬਰਾੜ ਨੇ ਚੁੱਕਿਆ

ਜਲੰਧਰ, 1 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਅਤੇ ਅਕਾਲੀ ਦਲ ਵੱਲੋਂ 7 ਅਕਤੂਬਰ ਨੂੰ ਪੰਜਾਬ ਵਿੱਚ ਵੱਡੀਆਂ ਸਿਆਸੀ ਰੈਲੀਆਂ ਕੀਤੀਆਂ ਜਾਣੀਆਂ ਹਨ। ਇਨ੍ਹਾਂ ਰੈਲੀਆਂ ਨੂੰ ਕਰਨ ਦਾ ਮੰਤਵ ਰੈਲੀਆਂ ਤੋਂ ਬਾਅਦ ਸਾਹਮਣੇ ਆਵੇਗਾ, ਪਰ ਦੋਵਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਸੰਗਤ ਲਈ ਖੋਲ੍ਹ ਕੇ ਆਪਣਾ ਕੀਤਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ। ਇਹ ਗੱਲ ਸਾਬਕਾ ਪਾਰਲੀਮੈਂਟ ਮੈਂਬਰ ਜਗਮੀਤ ਸਿੰਘ ਬਰਾੜ ਨੇ ਏਥੇ ਪੱਤਰਕਾਰਾਂ ਦੇ ਨਾਲ ਉਚੇਚੀ ਵਾਰਤਾ ਦੇ ਦੌਰਾਨ ਕਹੀ ਹੈ।

ਜਗਮੀਤ ਸਿੰਘ ਬਰਾੜ ਨੇ ਕਿਹਾ ਕਿ 1 ਅਕਤੂਬਰ 2010 ਨੂੰ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਵਿਧਾਨ ਸਭਾ ਵਿੱਚ ਸਰਬ ਸੰਮਤੀ ਨਾਲ ਇਹੋ ਲਾਂਘਾ ਖੁਲ੍ਹਵਾਉਣ ਬਾਰੇ ਦੋ ਮਤੇ ਪਾਸ ਕੀਤੇ ਸਨ। ਅਕਾਲੀ ਦਲ ਨੇ ਓਦੋਂ ਇਹ ਮਤੇ



ਪਾਸ ਕਰਨ ਪਿੱਛੋਂ ਕਦੇ ਵੀ ਲਾਂਘਾ ਖੁਲ੍ਹਵਾਉਣ ਲਈ ਕਿਸੇ ਨੂੰ ਇਕ ਚਿੱਠੀ ਤੱਕ ਨਹੀਂ ਲਿਖੀ। ਫਿਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਹੋਣ ਤੋਂ ਪਹਿਲਾਂ ਕੈਪਟਨ ਸਰਕਾਰ ਦੇ ਮੰਤਰੀਆਂ ਬ੍ਰਹਮ ਮਹਿੰਦਰਾ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਲਾਂਘਾ ਖੁਲ੍ਹਵਾਉਣ ਸਬੰਧੀ ਵਿਧਾਨ ਸਭਾ ਵਿਚ ਮਤਾ ਪੇਸ਼ ਕੀਤਾ ਤਾਂ ਸਰਬ ਸੰਮਤੀ ਨਾਲ ਪਾਸ ਹੋਇਆ। ਉਨ੍ਹਾਂ ਕਿਹਾ ਕਿ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਰਬ ਪਾਰਟੀ ਬੈਠਕ ਸੱਦ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਇਸ ਸਬੰਧੀ ਪਾਰਲੀਮੈਂਟ ਵਿਚ ਮਤਾ ਪਾਸ ਕਰਵਾਉਣ।















## ਦਿਲ ਦੇ ਰੋਗੀ ਲਈ ਭਾਰਤੀ ਸਟੰਟ ਵੀ ਵਿਦੇਸ਼ੀ ਸਟੰਟ ਜਿੰਨੇ ਹੀ ਸੁਰੱਖਿਅਤ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਬਣਾਏ ਜਾਂਦੇ ਸਟੰਟ ਓਨੇ ਹੀ ਸੁਰੱਖਿਅਤ ਅਤੇ ਕਾਰਗਰ ਹਨ ਜਿੰਨੇ ਕਿ ਬਹੁਰਾਸ਼ਟਰੀ ਕੰਪਨੀਆਂ ਵੱਲੋਂ ਹੋਰਨਾਂ ਦੇਸ਼ਾਂ ਵਿੱਚ ਬਣਾਏ ਸਟੰਟ ਹੁੰਦੇ ਹਨ। ਇਹ ਗੱਲ ਇੱਕ ਨਵੇਂ ਵਿਗਿਆਨਕ ਅਧਿਐਨ ਵਿੱਚ ਸਾਹਮਣੇ ਆਈ ਹੈ। ਵਰਨਣ ਯੋਗ ਹੈ ਕਿ ਦਿਲ ਦੀਆਂ ਨਾੜੀਆਂ ਵਿੱਚ ਆਏ ਰੋਗਾਂ ਨੂੰ ਦੂਰ ਕਰਨ ਲਈ ਸਟੰਟ ਲਾਏ ਜਾਂਦੇ ਹਨ। 22 ਸਤੰਬਰ ਨੂੰ ਅਮਰੀਕਾ ਦੇ ਸੈਨ ਡਿਆਗੋ ਵਿੱਚ ਨਾਨ ਸਰਜੀਕਲ ਕਾਰਡਿਅਕ ਇੰਟਰਵੇਸ਼ਨ-ਟੀ ਸੀ ਸੀ ਵਿਸ਼ੇ 'ਤੇ ਕਰਵਾਏ ਅੰਤਰਰਾਸ਼ਟਰੀ ਸੰਮੇਲਨ ਵਿੱਚ ਇਸ ਬਾਰੇ ਰਿਪੋਰਟ ਪੇਸ਼ ਕੀਤੀ ਗਈ ਹੈ। ਇਸ ਅਧਿਐਨ ਵਿੱਚ ਯੂਰਪ ਦੇ ਵੱਖ-ਵੱਖ ਦੇਸ਼ਾਂ ਦੇ 1500 ਮਰੀਜ਼ਾਂ ਨੂੰ ਸ਼ਾਮਲ ਕੀਤਾ ਗਿਆ ਸੀ ਅਤੇ ਇਹ ਅਧਿਐਨ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਕਲੀਨੀਕਲ (ਰਿਸਰਚ ਆਰਗੇਨਾਈਜ਼ੇਸ਼ਨ (ਸੀ ਆਰ ਓ) ਦੀ ਨਿਗਰਾਨੀ ਹੇਠ ਕੀਤਾ ਗਿਆ ਸੀ।

## ਵੀ ਵੀ ਆਈ ਪੀਜ਼ ਦੇ ਵਿਦੇਸ਼ੀ ਦੌਰਿਆਂ ਨੇ ਏਅਰ ਇੰਡੀਆ ਬੁਰੇ ਹਾਲੀਂ ਪੁਚਾ ਛੱਡੀ



ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਮਾਇਕ ਤੰਗੀਆਂ ਦਾ ਸ਼ਿਕਾਰ ਬਣੀ ਏਅਰ ਇੰਡੀਆ ਦੇ ਸਰਕਾਰ ਵੱਲ ਵੀ ਵੀ ਆਈ ਪੀ ਚਾਰਟਰਡ ਫਲਾਈਟਸ ਦੇ 1146.86 ਕਰੋੜ ਰੁਪਏ ਬਕਾਇਆ ਹਨ। ਇਹ ਜਾਣਕਾਰੀ ਆਰ ਟੀ ਆਈ ਐਕਟ ਦੇ ਤਹਿਤ ਦਾਇਰ ਕੀਤੀ ਇਕ ਅਰਜ਼ੀ ਦੇ ਜਵਾਬ ਵਿੱਚ ਮਿਲੀ ਹੈ।

ਏਅਰ ਇੰਡੀਆ ਦੇ ਕਮਾਡੋਰ ਲੋਕੇਸ਼ ਬੱਤਰਾ (ਸੇਵਾਮੁਕਤ) ਦੀ ਇਸ ਅਰਜ਼ੀ ਦੇ ਜਵਾਬ ਵਿੱਚ 26 ਸਤੰਬਰ ਨੂੰ ਦਿੱਤੀ ਕਰਵਾਈ ਜਾਣਕਾਰੀ ਮੁਤਾਬਕ ਰੱਖਿਆ ਮੰਤਰਾਲੇ ਵੱਲ ਕੁੱਲ 211.17 ਕਰੋੜ ਰੁਪਏ, ਕੈਬਨਿਟ ਸਕੱਤਰੇਤ ਅਤੇ ਪੀ ਐਮ ਓ (ਪ੍ਰਧਾਨ ਮੰਤਰੀ ਦਫਤਰ) ਵੱਲ 543.18 ਕਰੋੜ ਰੁਪਏ ਤੇ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਵੱਲ 392.33 ਕਰੋੜ ਰੁਪਏ ਬਕਾਇਆ ਹਨ। ਏਅਰ ਇੰਡੀਆ ਦੇ ਅੰਕੜਿਆਂ ਮੁਤਾਬਕ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਤੇ ਰਿਲੀਫ ਦੀਆਂ ਫਲਾਈਟਾਂ ਦੇ ਕੁਝ ਬਿੱਲ ਦਸ ਸਾਲ ਪੁਰਾਣੇ ਹਨ। ਇਸ ਤੋਂ ਪਹਿਲਾਂ ਇਸ ਸਾਲ ਮਾਰਚ ਮਹੀਨੇ ਦਿੱਤੀ ਜਾਣਕਾਰੀ ਅਨੁਸਾਰ 31 ਜਨਵਰੀ ਤੱਕ ਕੁੱਲ 325 ਕਰੋੜ ਰੁਪਏ ਦੇ ਬਕਾਇਆ ਬਿੱਲ ਸਨ, ਜੋ ਵਧ ਕੇ 1146.86 ਕਰੋੜ ਰੁਪਏ ਹੋ ਗਏ ਹਨ। ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਵਿਦੇਸ਼ ਦੌਰਿਆਂ ਲਈ ਚਾਰਟਰਡ ਹਵਾਈ ਜਹਾਜ਼ ਏਅਰ ਇੰਡੀਆ ਵੱਲੋਂ ਦਿੱਤੇ ਜਾਂਦੇ ਹਨ, ਜੋ ਆਪਣੇ ਕਮਰਸ਼ੀਅਲ ਜਹਾਜ਼ਾਂ ਵਿੱਚ ਦੌਰਾ ਕਰਨ ਵਾਲੀਆਂ ਸ਼ਖਸੀਅਤਾਂ ਦੀਆਂ ਲੋੜਾਂ ਮੁਤਾਬਕ ਫੇਰਬਦਲ ਕੀਤਾ ਜਾਂਦਾ ਹੈ। ਇਨ੍ਹਾਂ ਹਵਾਈ ਜਹਾਜ਼ਾਂ ਦੇ ਬਿੱਲਾਂ ਦੀ ਅਦਾਇਗੀ ਰੱਖਿਆ ਮੰਤਰਾਲੇ, ਵਿਦੇਸ਼ ਮੰਤਰਾਲੇ, ਪ੍ਰਧਾਨ ਮੰਤਰੀ ਦੇ ਦਫਤਰ ਅਤੇ ਕੈਬਨਿਟ ਸਕੱਤਰੇਤ ਦੇ ਖਜ਼ਾਨੇ ਵਿੱਚੋਂ ਕੀਤੀ ਜਾਂਦੀ ਹੈ। ਸਰਕਾਰ ਵੱਲ ਏਅਰ ਇੰਡੀਆ ਦੇ ਬਕਾਇਆ ਦਾ ਮੁੱਦਾ ਸਾਲ 2016 ਦੀ ਰਿਪੋਰਟ ਵਿੱਚ ਵੀ ਉਠਾਇਆ ਗਿਆ ਹੈ।

# ਨੌਕਰਾਣੀ ਨੇ ਕਿਹਾ, ਮੇਜਰ ਨੇ ਮੇਰੇ ਨਾਲ ਬਲਾਤਕਾਰ ਕੀਤਾ ਤੇ ਪਤੀ ਦਾ ਕਤਲ ਕੀਤਾ



ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਫੌਜ ਦੇ ਇੱਕ ਮੇਜਰ ਉਤੇ ਆਪਣੀ ਨੌਕਰਾਣੀ ਨਾਲ ਕੁੱਟ ਮਾਰ ਕਰਨ, ਧਮਕੀ ਦੇਣ ਅਤੇ ਬਲਾਤਕਾਰ ਕਰਨ ਵਰਗੇ ਗੰਭੀਰ ਦੋਸ਼ ਲੱਗੇ ਹਨ। ਪੁਲਸ ਨੇ ਮੇਜਰ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ, ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

ਉੱਤਰ ਪ੍ਰਦੇਸ਼ ਦੀ ਰਹਿਣ ਵਾਲੀ ਨੌਕਰਾਣੀ ਨੇ ਕਿਹਾ ਕਿ ਉਹ ਅਤੇ ਉਸ ਦਾ ਪਤੀ ਤਿੰਨ ਮਹੀਨਿਆਂ ਤੋਂ ਮੇਜਰ ਦੇ ਘਰ ਕੰਮ ਕਰ ਰਹੇ ਸਨ। ਉਹ ਆਪਣੇ ਪਰਵਾਰ ਨਾਲ ਸਰਵੈਂਟ ਕੁਆਰਟਰ ਵਿੱਚ ਰਹਿੰਦੀ ਸੀ। ਇਸ ਸਾਲ 12 ਜੁਲਾਈ ਨੂੰ ਰਾਤ ਲਗਭਗ 10 ਵਜੇ ਮੇਜਰ ਨੇ ਉਸ ਦੇ ਪਤੀ ਨੂੰ ਇੱਕ ਕਬਾੜੀਏ ਕੋਲ ਫਰਿੱਜ਼ ਵੇਚਣ ਲਈ ਭੇਜ ਦਿੱਤਾ ਅਤੇ ਮੈਨੂੰ ਆਪਣੇ ਕਮਰੇ ਵਿੱਚ ਆਉਣ ਨੂੰ ਕਿਹਾ। ਮੇਰੇ ਇਨਕਾਰ ਕਰਨ 'ਤੇ ਉਸ ਨੇ ਮੈਨੂੰ ਕੁੱਟਿਆ ਤੇ ਜਬਰੀ ਆਪਣੇ ਕਮਰੇ ਵਿੱਚ ਲੈ ਗਿਆ। ਇਸ ਤੋਂ ਬਾਅਦ ਜਦੋਂ ਉਸ ਦਾ ਪਤੀ ਵਾਪਸ ਆਇਆ ਤਾਂ ਉਸ ਨੇ ਮੇਜਰ ਦੀਆਂ ਗਲਤ ਹਰਕਤਾਂ ਨੂੰ ਦੇਖ ਕੇ ਵਿਰੋਧ ਕੀਤਾ। ਮੇਜਰ ਨੇ ਮੇਰੇ ਪਤੀ ਨੂੰ ਬੁਰੀ ਤਰ੍ਹਾਂ ਕੁੱਟਿਆ। ਮੈਂ ਆਪਣੇ ਪਤੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਗੋਲੀ ਮਾਰਨ ਦੀ ਧਮਕੀ ਦਿੱਤੀ। ਮੇਜਰ ਨੇ ਮੈਨੂੰ ਧੱਕਾ ਮਾਰ ਦਿੱਤਾ ਅਤੇ ਮੈਂ ਡਿੱਗ ਕੇ ਬੇਹੋਸ਼ ਹੋ ਗਈ। ਜਦੋਂ ਮੈਨੂੰ ਹੋਸ਼ ਆਈ ਤਾਂ ਮੇਰੇ ਸਰੀਰ 'ਤੇ ਕੋਈ ਕੱਪੜਾ ਨਹੀਂ ਸੀ। ਮੇਜਰ ਨੇ ਮੈਨੂੰ ਧਮਕੀ ਦਿੰਦਿਆਂ ਕਿਹਾ ਕਿ ਅੱਜ ਮੈਂ ਤੇਰੇ ਪਤੀ ਨੂੰ ਛੱਡ ਦਿੱਤਾ ਹੈ। ਜੇ ਭਵਿੱਖ ਵਿੱਚ ਮੇਰੀ ਕੋਈ ਗੱਲ ਨਾ ਮੰਨੀ ਤਾਂ ਤੇਰੇ ਬੱਚਿਆਂ ਤੇ ਤੁਹਾਨੂੰ ਦੋਵਾਂ ਨੂੰ ਮਾਰ ਦਿੱਤਾ ਦਿਆਂਗਾ। ਨੌਕਰਾਣੀ ਦਾ ਦੋਸ਼ ਹੈ ਕਿ ਮੇਜਰ ਨੇ ਇੱਕ ਵਾਰ ਫਿਰ ਉਸ ਨਾਲ ਬਲਾਤਕਾਰ ਕੀਤਾ। ਇਸ ਪਿੱਛੋਂ ਉਹ ਆਪਣੀ ਨਨਾਣ ਦੇ ਘਰ ਚਲੀ ਗਈ। ਰਾਤ 12.30 ਵਜੇ ਮੇਜਰ ਨੇ ਉਸ ਦੀ ਨਨਾਣ ਦੇ ਘਰ ਆ ਕੇ ਦੱਸਿਆ ਕਿ ਤੇਰੇ ਪਤੀ ਨੇ ਖੁਦਕੁਸ਼ੀ ਕਰ ਲਈ ਹੈ। ਨੌਕਰਾਣੀ ਨੇ ਕਿਹਾ ਕਿ ਮੇਰਾ ਪਤੀ ਬਹੁਤ ਬਹਾਦਰ ਸੀ। ਉਹ ਖੁਦਕੁਸ਼ੀ ਨਹੀਂ ਕਰ ਸਕਦਾ ਸੀ। ਇਹ ਮੇਜਰ ਦੀ ਸਾਜ਼ਿਸ਼ ਹੈ। ਉਸ ਦੇ ਪਤੀ ਦੀ ਹੱਤਿਆ ਹੋਈ ਹੈ। ਇਸ ਵਿੱਚ ਮੇਜਰ ਦੇ ਨਾਲ ਉਸ ਦਾ ਇੱਕ ਰਿਸ਼ਤੇਦਾਰ ਵੀ ਸ਼ਾਮਲ ਹੈ। ਦੋਵਾਂ ਨੇ ਹੱਤਿਆ ਨੂੰ ਆਤਮ-ਹੱਤਿਆ ਦੱਸਿਆ ਹੈ। ਸਥਾਨਕ ਪੁਲਸ ਇਸ ਸੰਬੰਧੀ ਕੋਈ ਕਾਰਵਾਈ ਨਹੀਂ ਕਰ ਰਹੀ। ਉਸ ਨੇ ਇਨਸਾਫ ਲੈਣ ਲਈ ਡੀ ਸੀ ਪੀ ਤੋਂ ਲੈ ਕੇ ਪੁਲਸ ਕਮਿਸ਼ਨਰ ਦੇ ਦਫਤਰ ਤੱਕ ਦਾ ਦਰਵਾਜ਼ਾ ਖੜਕਾਇਆ ਹੈ।

## ਆਮ ਪੱਧਰ ਦੀ ਬਾਰਸ਼ ਨਾਲੋਂ ਘੱਟ ਵਰ੍ਹ ਕੇ ਮੌਨਸੂਨ ਮੁੜ ਗਿਆ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਇਸ ਸਾਲ ਆਮ ਨਾਲੋਂ ਘੱਟ ਬਾਰਿਸ਼ ਨਾਲ ਭਾਰਤ ਵਿੱਚੋਂ ਮੌਨਸੂਨ ਮੌਸਮ ਕੱਲ੍ਹ ਪੂਰੀ ਤਰ੍ਹਾਂ ਵਾਪਸ ਚਲਾ ਗਿਆ ਹੈ। ਮੌਸਮ ਵਿਭਾਗ ਦੇ ਅਨੁਸਾਰ ਇਸ ਸਾਲ ਆਮ ਨਾਲੋਂ ਨੌਂ ਫੀਸਦੀ ਘੱਟ ਬਾਰਿਸ਼ ਹੋਈ। ਬਿਹਾਰ, ਝਾਰਖੰਡ ਤੇ ਪੱਛਮੀ ਬੰਗਾਲ 'ਚ ਸਭ ਤੋਂ ਘੱਟ ਬਾਰਿਸ਼ ਹੋਈ। ਪੂਰਬ ਉਤਰ ਸੂਬਿਆਂ 'ਚ ਵੀ ਕੁਝ ਇਹੀ ਹਾਲ ਰਿਹਾ। ਲਗਾਤਾਰ ਦੂਜੇ ਸਾਲ ਮੌਨਸੂਨ ਦੇ ਮੌਸਮ ਦੌਰਾਨ ਆਮ ਨਾਲੋਂ ਘੱਟ ਬਾਰਿਸ਼ ਹੋਈ ਹੈ। ਭਾਰਤੀ ਮੌਸਮ ਵਿਭਾਗ ਦੀ ਉਸ ਭਵਿੱਖਬਾਣੀ ਨੂੰ ਮੌਨਸੂਨ ਨੇ ਝੁਠਲਾ ਦਿੱਤਾ ਹੈ, ਜਿਸ ਵਿੱਚ ਉਸ ਨੇ ਦਾਅਵਾ ਕੀਤਾ ਸੀ ਕਿ ਇਸ ਸਾਲ ਆਮ ਬਾਰਿਸ਼ ਹੋਵੇਗੀ।

## ਫੇਸਬੁਕ ਅਤੇ ਟਵਿੱਟਰ ਚੋਣਾਂ ਦੌਰਾਨ ਫਰਜ਼ੀ ਖਬਰਾਂ ਨੂੰ ਰੋਕਣਗੇ



ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਮੁੱਖ ਚੋਣ ਕਮਿਸ਼ਨਰ ਓ ਪੀ ਰਾਵਤ ਨੇ ਕਿਹਾ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਟਵਿੱਟਰ ਅਤੇ ਫੇਸਬੁਕ ਨੇ ਚੋਣ ਕਮਿਸ਼ਨ ਨੂੰ ਭਰੋਸਾ ਦਿੱਤਾ ਹੈ ਕਿ ਪ੍ਰਚਾਰ ਦੌਰਾਨ ਚੋਣਾਂ ਦੀ ਸ਼ੁੱਧਤਾ ਨੂੰ ਪ੍ਰਭਾਵਤ ਕਰਨ ਵਾਲੀ ਕਿਸੇ ਵੀ ਚੀਜ਼ ਲਈ ਉਹ ਆਪਣੇ ਪਲੇਟਫਾਰਮ ਦੀ ਵਰਤੋਂ ਨਹੀਂ ਹੋਣ ਦੇਣਗੇ।

ਰਾਵਤ ਨੇ ਕਿਹਾ ਕਿ ਕਰਨਾਟਕ ਚੋਣਾਂ ਦੌਰਾਨ ਇਸ ਦੀ ਜਾਂਚ ਕੀਤੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਓਦੋਂ ਤਾਂ ਛੋਟੀ ਪਾਇਲਟ ਯੋਜਨਾ ਦੇ ਤੌਰ ਇਸ ਨੂੰ ਲਾਗੂ ਕੀਤਾ ਗਿਆ ਸੀ ਅਤੇ ਉਹ ਸ਼ੁਰੂਆਤ ਸੀ। ਲੋਕ ਸਭਾ ਚੋਣਾਂ ਤੋਂ ਪਹਿਲਾਂ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਤੇ ਮਿਜ਼ੋਰਾਮ ਵਿੱਚ ਵੱਡੇ ਪੱਧਰ 'ਤੇ ਇਸ ਨੂੰ ਲਾਗੂ ਕੀਤਾ ਜਾਏਗਾ। ਇਨ੍ਹਾਂ ਚਾਰਾਂ ਰਾਜਾਂ ਵਿੱਚ ਸਾਲ ਦੇ ਅਖੀਰ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਉਕਤ ਕੰਪਨੀਆਂ ਨੇ ਕਮਿਸ਼ਨ ਨੂੰ ਇਹ ਭਰੋਸਾ ਦਿਵਾਇਆ ਹੈ ਕਿ ਰਾਜਨੀਤਕ ਇਸ਼ਤਿਹਾਰਾਂ ਦੇ ਨਾਲ ਉਨ੍ਹਾਂ 'ਤੇ ਖਰਚ ਰਾਸ਼ੀ ਦਾ ਵੇਰਵਾ ਵੀ ਹੋਵੇਗਾ ਤਾਂ ਕਿ ਪ੍ਰਚਾਰ ਸਮੇਂ ਦੌਰਾਨ ਦੇ ਖਰਚ ਦਾ ਹਿਸਾਬ ਲਗਾਇਆ ਜਾ ਸਕੇ।

## ਬੱਸ ਨੂੰ ਧੱਕਾ ਲਾਉਂਦੇ ਮੁਸਾਫਰ ਟਰੱਕ ਨੇ ਕੁਚਲੇ, 6 ਮੌਤਾਂ

ਲਖਨਊ, 1 ਅਕਤੂਬਰ (ਪੋਸਟ ਬਿਊਰੋ)- ਬਸਤੀ ਜ਼ਿਲੇ ਦੇ ਛਾਉਣੀ ਖੇਤਰ ਵਿਚ ਨੈਸ਼ਨਲ ਹਾਈਵੇਅ ਉਤੇ ਭਦੋਈ ਪਿੰਡ ਨੇੜੇ ਬੱਸ ਨੂੰ ਧੱਕਾ ਲਾ ਰਹੇ ਯਾਤਰੀਆਂ ਨੂੰ ਇਕ ਟਰੱਕ ਨੇ ਕੁਚਲ ਦਿੱਤਾ, ਜਿਸ ਨਾਲ 6 ਲੋਕਾਂ ਦੀ ਮੌਤ ਹੋ ਗਈ ਅਤੇ 2 ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਨੇ ਦੋਸ਼ੀ ਟਰੱਕ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਿਲੀ ਜਾਣਕਾਰੀ ਮੁਤਾਬਿਕ ਇਲਾਹਾਬਾਦ ਤੋਂ ਗੋਰਖਪੁਰ ਆ ਰਹੀ ਉੱਤਰ ਪ੍ਰਦੇਸ਼ ਟਰਾਂਸਪੋਰਟ ਕਾਰਪੋਰੇਸ਼ਨ ਦੀ ਪ੍ਰਯਾਗ ਡਿਪੂ ਦੀ ਬੱਸ ਭਦੋਈ ਪਿੰਡ ਨੇੜੇ ਪਹੁੰਚੀ ਸੀ ਕਿ ਡਰਾਈਵਰ ਨੂੰ ਨੀਂਦ ਆਉਣ ਲੱਗੀ ਤਾਂ ਉਸ ਨੇ ਬੱਸ ਇਕ ਢਾਬੇ ’ਤੇ ਚਾਹ ਪੀਣ ਲਈ ਰੋਕ ਲਈ। ਚਾਹ ਪੀਣ ਤੋਂ ਬਾਅਦ ਜਦੋਂ ਡਰਾਈਵਰ ਬੱਸ ਸਟਾਰਟ ਕਰਨ ਲੱਗਾ ਤਾਂ ਬੱਸ ਸਟਾਰਟ ਨਾ ਹੋਈ। ਇਸ ਤੋਂ ਬਾਅਦ ਡਰਾਈਵਰ ਨੇ ਯਾਤਰੀਆਂ ਨੂੰ ਬੱਸ ਨੂੰ ਧੱਕਾ ਲਾਉਣ ਨੂੰ ਕਿਹਾ। ਧੱਕਾ ਲਾਉਣ ਉੱਤੇ ਵੀ ਜਦੋਂ ਬੱਸ ਸਟਾਰਟ ਨਾ ਹੋਈ ਤਾਂ ਉਹ ਹਾਈਵੇ ਵਾਲੇ ਪਾਸਿਓਂ ਡਰਾਈਵਰ ਕੋਲ ਗਏ ਤੇ ਦੂਸਰੀ ਬੱਸ ਵਿੱਚ ਬਿਠਾਉਣ ਲਈ ਕਹਿਣ ਲੱਗੇ, ਕਿਉਂਕਿ ਉਨ੍ਹਾਂ ਨੇ ਰੇਲਵੇ ਦੀ ਪ੍ਰੀਖਿਆ ਦੇਣ ਲਈ ਗੋਰਖਪੁਰ ਸਮੇਂ ’ਤੇ ਪਹੁੰਚਣਾ ਸੀ। ਉਸੇ ਸਮੇਂ ਹਾਈਵੇ ਉੱਤੇ ਆਏ ਪਿਆਜ਼ਾਂ ਨਾਲ ਭਰੇ ਟਰੱਕ ਨੇ ਉਨ੍ਹਾਂ ਨੂੰ ਪਿੱਛੋਂ ਕੁਚਲ ਦਿੱਤਾ। ਇਸ ਹਾਦਸੇ ਦੌਰਾਨ 6 ਲੋਕਾਂ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਦੋ ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਦੋਸ਼ੀ ਟਰੱਕ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਮਰਹੂਮ ਫਿਲਮ ਸਟਾਰ ਰਾਜ ਕਪੂਰ ਦੀ ਪਤਨੀ ਦਾ ਦੇਹਾਂਤ



ਮੁੰਬਈ, 1 ਅਕਤੂਬਰ (ਪੋਸਟ ਬਿਊਰੋ)- ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਅਤੇ ਫਿਲਮ ਮੇਕਰ ਰਾਜ ਕਪੂਰ ਦੀ ਪਤਨੀ ਕ੍ਰਿਸ਼ਨਾ ਕਪੂਰ ਦਾ ਅੱਜ ਸਵੇਰੇ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਅਗਸਤ ’ਚ ਸਾਊਥ ਮੁੰਬਈ ਦੇ ਇਕ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਸੀ। ਕੁਝ ਦਿਨਾਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ। ਅੱਜ ਸੋਮਵਾਰ ਵੱਡੇ ਸਵੇਰੇ 4 ਵਜੇ ਉਨ੍ਹਾਂ ਨੇ ਆਖ਼ਰੀ ਸਾਹ ਲਿਆ। ਉਹ 87 ਸਾਲਾਂ ਦੇ ਸਨ।

ਇਸ ਦੁੱਖਦਾਈ ਖ਼ਬਰ ’ਤੇ ਬਾਲੀਵੁੱਡ ਦੇ ਸਿਤਾਰੇ ਟਵਿੱਟਰ ਜ਼ਰੀਏ ਸ਼ਰਧਾਂਜਲੀ ਦੇ ਰਹੇ ਹਨ। ਅਦਾਕਾਰਾ ਰਵੀਨਾ ਟੰਡਨ ਨੇ ਸ਼ਰਧਾਂਜਲੀ ਦਿੰਦਿਆਂ ਟਵੀਟ ਕੀਤਾ ਅਤੇ ਲਿਖਿਆ ਕਿ ਇਕ ਯੁੱਗ ਦਾ ਅੰਤ ਹੋ ਗਿਆ ਹੈ। ਆਮਿਰ ਖ਼ਾਨ ਨੇ ਟਵੀਟ ਕਰਕੇ ਲਿਖਿਆ, ‘ਰਾਜਕਪੂਰ ਜੇ ਫਿਲਮ ਮੇਕਿੰਗ ਦੇ ਇੰਸਟੀਚਿਊਸ਼ਨ ਸਨ ਤਾਂ ਕ੍ਰਿਸ਼ਨਾ ਜੀ ਉਸ ਇੰਸਟੀਚਿਊਸ਼ਨ ਨੂੰ ਆਪਣੇ ਨਾਲ ਜੀਅ ਰਹੇ ਸਨ। ਰਣਧੀਰ, ਰਿਸ਼ੀ , ਰੀਮਾ, ਰਿਤੂ ਤੇ ਪੂਰੇ ਪਰਿਵਾਰ ਨੂੰ ਮੇਰਾ ਪਿਆਰ।’ ਰਿਧੀਮਾ ਕਪੂਰ ਨੇ ਦਾਦੀ ਦੇ ਦੇਹਾਂਤ ’ਤੇ ਦੁੱਖ ਜ਼ਾਹਰ ਕਰਦਿਆਂ ਇੰਸਟਾ ’ਤੇ ਉਨ੍ਹਾਂ ਨਾਲ ਇਕ ਫੋਟੋ ਸ਼ੇਅਰ ਕੀਤੀ ਹੈ, ਨਾਲ ਹੀ ਕੈਪਸ਼ਨ ’ਚ ਲਿਖਿਆ, ‘ਮੈਂ ਤੁਹਾਨੂੰ ਹਮੇਸ਼ਾ ਪਿਆਰ ਕਰਾਂਗੀ ਦਾਦੀ।’

## ਰਾਜਸਥਾਨ ਵਿੱਚ ਬਦਨਾਮੀ ਤੋਂ ਤੰਗ ਆਏ ਮਾਂ-ਬਾਪ ਨੇ 15 ਸਾਲਾ ਧੀ ਨੂੰ ਜ਼ਿੰਦਾ ਸਾੜਿਆ



ਜੈਪੁਰ, 1 ਅਕਤੂਬਰ (ਪੋਸਟ ਬਿਊਰੋ)- ਰਾਜਸਥਾਨ ਦੀ ਰਾਜਧਾਨੀ ਜੈਪੁਰ ਨੇੜੇ ਪਿੰਡ ਫਾਗੀ ਵਿਖੇ ਬਦਨਾਮੀ ਤੋਂ ਤੰਗ ਆਏ ਇੱਕ ਮਾਤਾ-ਪਿਤਾ ਨੇ ਆਪਣੀ 15 ਸਾਲ ਦੀ ਬੇਟੀ ਨੂੰ ਜ਼ਿੰਦਾ ਸਾੜ ਦਿੱਤਾ।

ਪੁਲਸ ਸੂਤਰਾਂ ਮੁਤਾਬਕ ਪੁਲਸ ਨੂੰ ਗੁੰਮਨਾਮ ਫੋਨ ਆਇਆ, ਜਿਸ ਵਿੱਚ ਪਿੰਡ ਵਿੱਚ ਉਸ ਕੁੜੀ ਨੂੰ ਜ਼ਿੰਦਾ ਸਾੜਨ ਦਾ ਜ਼ਿਕਰ ਸੀ। ਜਦੋਂ ਪੁਲਸ ਕੁੜੀ ਦੇ ਘਰ ਪੁੱਜੀ ਤਾਂ ਮਾਂ ਪਰਮਾ ਦੇਵੀ ਨੇ ਕਿਹਾ ਕਿ ਉਸ ਦੀ ਬੇਟੀ ਨੇ ਖੁਦਕੁਸ਼ੀ ਕਰ ਲਈ ਹੈ ਕਿਉਂਕਿ ਉਸ ਦੇ ਪ੍ਰੀਖਿਆ ਵਿੱਚ ਨੰਬਰ ਘੱਟ ਸਨ। ਅਸੀਂ ਉਸ ਨੂੰ ਡਾਂਟਿਆ, ਜਿਸ ਕਾਰਨ ਉਸ ਨੇ ਆਪਣੇ ਆਪ ਨੂੰ ਅੱਗ ਲਾ ਲਈ। ਜਦੋਂ ਪੁਲਸ ਨੇ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਕੁੜੀ ਦੇ ਪਿਤਾ ਗੋਪਾਲ ਗੋਸਵਾਮੀ ਅਤੇ ਮਾਂ ਪਰਮਾ ਦੇਵੀ ਨੇ ਮੰਨ ਲਿਆ ਕਿ ਉਹ ਆਪਣੀ ਬੇਟੀ ਦੀਆਂ ਹਰਕਤਾਂ ਤੋਂ ਤੰਗ ਆ ਚੁੱਕੇ ਸਨ। ਪਿੰਡ ਵਿੱਚ ਉਸ ਦੇ ਚਰਿੱਤਰ ਦੇ ਕਾਰਨ ਸਾਡੀ ਬਦਨਾਮੀ ਹੋ ਰਹੀ ਸੀ। ਇਸ ਲਈ ਅਸੀਂ ਉਸ ਨੂੰ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ। ਪੁਲਸ ਨੇ ਮਾਤਾ-ਪਿਤਾ ਨੂੰ ਗ੍ਰਿਫਤਾਰ ਕਰ ਲਿਆ ਹੈ। ਪਿਤਾ ਰਾਜਸਥਾਨ ਹਾਈ ਕੋਰਟ ਵਿੱਚ ਇੱਕ ਵਕੀਲ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਦੋ ਮਕੈਨਿਕਾਂ ਦੀ ਲੋੜ ਹੈ
- 6 ਦੀਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experienced in mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

Honesty, Reliability, Commitment
For all your Real Estate needs:
HIRA RANDHWA
Broker
416.319.0551
905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
HOMELIFE SILVERCITY Realty Inc. Brokerage Independently Owned & Operated
www.HiraRandhawa.com
hirarandhawa@yahoo.ca
$579,000 Ray Lawson & Timberlane: 3 Bedroom Townhouse With Finished Basement, Sep Entrance Through Garage. Hardwood Floor, Freshly Painted, Concrete Patio, Concrete Side Pavement, New Roof, Walking Distance To Sheridan College.
$609,000 Derry & Airport: Fully Detached 5+3 Bedroom And 4 Bath Home With A Lot Of Upgrades Included 6 Car Wrapped Concrete And Driveway With Full Fenced Backyard. Close To Airport, Mosque, Gurduwara, Banks, Schools & Major Hwys.
$659,000 Mc Murchy & Steeles Ave: Fabulous And Stunning Fully Renovated Detached House With 3+1 Bedroom. Fully Renovated In 2018 Which Includes Full Washroom On Main Floor, New Floors, New Basement. It Is Close To All Amenities, Sheridan College...
$699,900 Chinguacousy/Queen: Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...
RESP
Supervisa Insurance
Call : 416.319.0551

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਏਲਨ ਮਾਸਕ ਨੂੰ ਟਵੀਟ ਦੇ ਕਾਰਨ ਚੇਅਰਮੈਨ ਦਾ ਅਹੁਦਾ ਛੱਡਣਾ ਹੋਵੇਗਾ



ਵਾਸ਼ਿੰਗਟਨ, 1 ਅਕਤੂਬਰ (ਪੋਸਟ ਬਿਊਰੋ)- ਮਾਈਕ੍ਰੋ ਬਲਾਗਿੰਗ ਸਾਈਟ ਟਵਿੱਟਰ 'ਤੇ ਅਮਰੀਕਾ ਦੀ ਇਲੈਕਟ੍ਰਿਕ ਕਾਰ ਨਿਰਮਾਤਾ ਕੰਪਨੀ ਟੈਸਲਾ ਦੇ ਬਾਰੇ ਗਲਤ ਤੇ ਗੁੰਮ-ਰਾਹਕੁੰਨ ਜਾਣਕਾਰੀ ਦੇਣ ਦੇ ਦੋਸ਼ ਵਿਚ ਸਮਝੌਤੇ ਹੇਠ ਕੰਪਨੀ ਦੇ ਮੋਢੀ ਅਤੇ ਚੇਅਰਮੈਨ ਏਲਨ ਮਾਸਕ ਨੂੰ ਚੇਅਰਮੈਨੀ ਛੱਡਣੀ ਅਤੇ ਦੋ ਕਰੋੜ ਡਾਲਰ ਜੁਰਮਾਨਾ ਦੇਣਾ ਹੋਵੇਗਾ।

ਏਲਨ ਮਸਕ ਨੇ ਸੱਤ ਅਗਸਤ ਨੂੰ ਟਵੀਟ ਕੀਤਾ ਸੀ ਕਿ ਉਹ ਟੈਸਲਾ ਦਾ ਨਿੱਜੀਕਰਨ ਕਰਨਾ ਚਾਹੁੰਦੇ ਹਨ ਅਤੇ ਇਸ ਲਈ 420 ਡਾਲਰ ਪ੍ਰਤੀ ਸ਼ੇਅਰ ਦੀ ਦਰ ਨਾਲ ਫੰਡਿੰਗ ਮਿਲ ਗਈ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਸ਼ੇਅਰ ਧਾਰਕ ਦੇ ਵੋਟ ਦੀ ਜ਼ਰੂਰਤ ਹੈ, ਜਦ ਕਿ ਇਹ ਜਾਣਕਾਰੀਆਂ ਗਲਤ ਸਨ। ਅਮਰੀਕਾ ਦੇ ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (ਐਸ ਈ ਸੀ) ਦੇ ਮੁਤਾਬਕ ਮਸਕ ਦੇ ਇਸ ਟਵੀਟ ਕਾਰਨ ਸ਼ੇਅਰ ਬਾਜ਼ਾਰ ਵਿੱਚ ਹਲਚਲ ਮਚ ਗਈ, ਜਿਸ ਨਾਲ ਨਿਵੇਸ਼ਕਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇਸ ਟਵੀਟ ਕਾਰਨ ਦੂਜੇ ਪਾਸੇ ਟੈਸਲਾ ਦੇ ਸ਼ੇਅਰ ਛੇ ਫੀਸਦੀ ਤੋਂ ਵੱਧ ਉਛਲ ਗਏ। ਐਸ ਈ ਸੀ ਨੇ ਇਸ ਸੰਬੰਧੀ ਪਿਛਲੇ ਵੀਰਵਾਰ ਨੂੰ ਫੈਡਰਲ ਕੋਰਟ 'ਚ ਪਟੀਸ਼ਨ ਦਾਇਰ ਕੀਤੀ, ਜਿਸ ਤੋਂ ਬਾਅਦ ਕੰਪਨੀ ਦੇ ਸ਼ੇਅਰਾਂ ਵਿੱਚ 11 ਫੀਸਦੀ ਤੋਂ ਜ਼ਿਆਦਾ ਦੀ ਗਿਰਾਵਟ ਆ ਗਈ। ਟੈਸਲਾ ਅਤੇ ਉਸ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਏਲਨ ਮਸਕ ਨੇ ਸਰਕਾਰ ਵੱਲੋਂ ਦਰਜ ਕੇਸ ਦਾ ਨਿਪਟਾਰਾ ਕਰਨ ਲਈ ਕੁੱਲ ਚਾਰ ਕਰੋੜ ਡਾਲਰ ਦਾ ਭੁਗਤਾਨ ਕਰਨ ਦੀ ਸਹਿਮਤੀ ਦਿੱਤੀ ਹੈ। ਇਸ ਤੋਂ ਇਲਾਵਾ ਕੰਪਨੀ ਨੇ ਇਸ ਨਿਪਟਾਰੇ ਲਈ ਕਈ ਹੋਰ ਰਿਆਇਤਾਂ ਦਾ ਵੀ ਐਲਾਨ ਕੀਤਾ ਹੈ। ਸਰਕਾਰ ਦਾ ਦੋਸ਼ ਹੈ ਕਿ ਮਸਕ ਨੇ ਕੰਪਨੀ ਦੇ ਇੱਕ ਪ੍ਰਸਤਾਵਿਤ ਐਕਵਾਇਰ ਦੇ ਬਾਰੇ ਗੁੰਮਰਾਹ ਕਰਨ ਵਾਲੇ ਬਿਆਨਾਂ ਜ਼ਰੀਏ ਨਿਵੇਸ਼ਕਾਂ ਨਾਲ ਧੋਖਾਦੇਹੀ ਕੀਤੀ। ਇਸ ਨਿਪਟਾਰੇ ਤੋਂ ਬਾਅਦ ਮਸਕ ਇਸ ਇਲੈਕਟ੍ਰਾਨਿਕ ਕਾਰ ਕੰਪਨੀ ਦੇ ਸੀ ਈ ਓ ਬਣੇ ਰਹਿ ਸਕਦੇ ਹਨ, ਪਰ ਉਨ੍ਹਾਂ ਨੂੰ ਘੱਟ ਤੋਂ ਘੱਟ ਤਿੰਨ ਸਾਲ ਲਈ ਕੰਪਨੀ ਦੇ ਚੇਅਰਮੈਨ ਅਹੁਦੇ ਨੂੰ ਛੱਡਣਾ ਪਵੇਗਾ। ਟੈਸਲਾ ਨੂੰ ਕੰਪਨੀ ਦੇ ਕੰਮਕਾਜ ਲਈ ਇੱਕ ਆਜ਼ਾਦ ਚੇਅਰਮੈਨ ਦੀ ਨਿਯੁਕਤੀ ਕਰਨੀ ਹੋਵੇਗੀ।

# ਕਾਦਰੀ ਹਾਫਿਜ਼ ਸਈਦ ਦੇ ਨਾਲ ਸਟੇਜ ਉਤੇ ਬੈਠਾ ਨਜ਼ਰ ਆਇਆ

ਲਾਹੌਰ, 1 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਲਗਾਤਾਰ ਆਪਣੇ ਬਿਆਨਾਂ ਵਿਚ ਕਹਿੰਦੇ ਹਨ ਕਿ ਭਾਰਤ ਨਾਲ ਉਹ ਸ਼ਾਂਤੀ ਚਾਹੁੰਦੇ ਹਨ, ਪਰ ਜਿਸ ਤਰ੍ਹਾਂ ਬਾਰਡਰ ’ਤੇ ਫੌਜ ਘੁਸਪੈਠ ਕਰਦੀ ਹੈ ਅਤੇ ਅੱਤਵਾਦੀ ਜੰਮੂ-ਕਸ਼ਮੀਰ ਵਿਚ ਗੜਬੜ ਕਰਦੇ ਹਨ, ਇਸ ਤੋਂ ਉਨ੍ਹਾਂ ਦੀ ਸਰਕਾਰ ਦੇ ਗਲਤ ਇਰਾਦੇ ਸਾਹਮਣੇ ਆ ਰਹੇ ਹਨ। ਓਥੋਂ ਦੀ ਹਕੂਮਤ ਦੇ ਮੰਤਰੀ ਤੱਕ ਅੱਤਵਾਦ ਅਤੇ ਅੱਤਵਾਦੀਆਂ ਨਾਲ ਮਿਲੇ ਹੋਏ ਹਨ।

ਇਸ ਲੜੀ ਵਿਚ ਪਾਕਿਸਤਾਨ ਤੋਂ ਆਈ ਨਵੀਂ ਤਸਵੀਰ ਹੈਰਾਨ ਕਰ ਦੇਣ ਵਾਲੀ ਹੈ। ਇਮਰਾਨ ਸਰਕਾਰ ਵਿਚ ਧਾਰਮਿਕ ਮਾਮਲਿਆਂ ਦੇ ਮੰਤਰੀ ਨੂਰ-ਉਲ-ਹੱਕ ਕਾਦਰੀ ਕੱਲ੍ਹ ਅੱਤਵਾਦੀ ਹਾਫਿਜ਼ ਸਈਦ ਨਾਲ ਇਕ ਮੰਚ ਉੱਤੇ ਬੈਠੇ ਨਜ਼ਰ ਆਏ। ਇਸ ਤਸਵੀਰ ਵਿਚ ਹਾਫਿਜ਼ ਸਈਦ ਵਿਚਾਲੇ ਬੈਠਾ ਹੈ ਤੇ ਨੂਰ-ਉਲ-ਹੱਕ ਕਾਦਰੀ ਸੱਜੇ ਪਾਸੇ ਬੈਠੇ ਹੋਏ ਹਨ। ਐਤਵਾਰ ਨੂੰ ਇਸਲਾਮਾਬਾਦ ਵਿਚ ਸਰਬ ਸਾਂਝੀ ਬੈਠਕ ਹੋਈ ਸੀ, ਜਿਸ ਵਿਚ ਮੰਤਰੀ ਅਤੇ ਹਾਫਿਜ਼ ਸਈਦ ਦੋਵੇਂ ਸ਼ਾਮਲ ਸਨ। ਇਸ ਪ੍ਰੋਗਰਾਮ ਵਿਚ ਖਾਸ ਮਹਿਮਾਨ ਅੱਤਵਾਦੀ ਆਗੂ ਹਾਫਿਜ਼ ਸਈਦ ਸੀ।



ਪਾਕਿ ਦੇ ਧਾਰਮਿਕ ਮਾਮਲਿਆਂ ਦੇ ਮੰਤਰੀ ਨੂਰ-ਉਲ-ਹੱਕ ਕਾਦਰੀ (ਖੱਬੇ) ਅੱਤਵਾਦੀ ਹਾਫਿਜ਼ ਸਈਦ ਨਾਲ ਬੈਠੇ ਨਜ਼ਰ ਆ ਰਹੇ ਹਨ।

ਵਰਣਨ ਯੋਗ ਹੈ ਕਿ ਹਾਫਿਜ਼ ਸਈਦ ਨੂੰ ਯੂ ਐਨ ਤੇ ਅਮਰੀਕਾ ਨੇ ਮੋਸਟ ਵਾਂਟਿਡ ਲਿਸਟ ਵਿੱਚ ਪਾਇਆ ਹੋਇਆ ਹੈ ਅਤੇ ਭਾਰਤ ਵਿਚ 26/11 ਹਮਲੇ ਦੇ ਇਲਾਵਾ ਕਈ ਹੋਰ ਅੱਤਵਾਦੀ ਹਮਲਿਆਂ ਦਾ ਮਾਸਟਰ ਮਾਈਂਡ ਹੈ। ਐਤਵਾਰ ਨੂੰ ਇਸਲਾਮਾਬਾਦ ਵਿਚ ਦਿਫਾ-ਏ-ਪਾਕਿਸਤਾਨ ਕੌਂਸਲ ਵੱਲੋਂ ਸਰਬ ਪਾਰਟੀ ਬੈਠਕ ਕੀਤੀ ਗਈ ਤਾਂ ਇਸ ਪ੍ਰੋਗਰਾਮ ਵਿਚ ਜੋ ਬੈਨਰ ਲਾਇਆ ਗਿਆ, ਉਸ ’ਤੇ ਉਰਦੂ ਵਿਚ ਲਿਖਿਆ ਸੀ ‘ਪਾਕਿਸਤਾਨ ਦੀ ਰੱਖਿਆ’। ਇਸ ਬੈਨਰ ਉਤੇ ਕਸ਼ਮੀਰ ਦਾ ਜ਼ਿਕਰ ਸੀ ਅਤੇ ਨਾਲ ਭਾਰਤ ਤੋਂ ਖਤਰੇ ਨੂੰ ਉਰਦੂ ਵਿਚ ਲਿਖਿਆ ਗਿਆ ਸੀ। ਸ਼ਨੀਵਾਰ ਹੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਪਾਕਿਸਤਾਨ ’ਤੇ ਸਖਤ ਸ਼ਬਦੀ ਹਮਲਾ ਬੋਲਿਆ ਸੀ।

# ਦੋਵਾਂ ਕੋਰੀਆ ਵੱਲੋਂ ਸਰਹੱਦ ਤੋਂ ਬਾਰੂਦੀ ਸੁਰੰਗਾਂ ਹਟਾਉਣ ਦਾ ਕੰਮ ਸ਼ੁਰੂ



ਸਿਆਲ, 1 ਅਕਤੂਬਰ (ਪੋਸਟ ਬਿਊਰੋ)- ਕਈ ਦਹਾਕਿਆਂ ਦੀ ਦੁਸ਼ਮਣੀ ਭੁਲਾ ਕੇ ਆਪਸ ਵਿੱਚ ਨੇੜੇ ਆਏ ਉੱਤਰੀ ਤੇ ਦੱਖਣੀ ਕੋਰੀਆ ਅੱਜ ਕੱਲ੍ਹ ਆਪਸੀ ਵਿਸ਼ਵਾਸ ਵਧਾਉਣ ਦੇ ਯਤਨ ਕਰ ਰਹੇ ਹਨ। ਇਸ ਸਿਲਸਿਲੇ ’ਚ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਭਾਰੀ ਸੁਰੱਖਿਆ ਵਾਲੀਆਂ ਸਰਹੱਦਾਂ ’ਤੇ ਵਿਛਾਈਆਂ ਬਾਰੂਦੀ ਸਰੰਗਾਂ ਨੂੰ ਹਟਾਉਣ ਲੱਗ ਗਈਆਂ ਹਨ।

ਪਿਛਲੇ ਸਾਲ ਪਿਯੋਂਗਯਾਂਗ ਵਿੱਚ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮੂਨ ਜੇ ਇਨ ਅਤੇ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਵਿਚਾਲੇ ਹੋਈ ਗੱਲਬਾਤ ’ਚ ਇਨ੍ਹਾਂ ਬਾਰੂਦੀ ਸੁਰੰਗਾਂ ਨੂੰ ਹਟਾਉਣ ਦੇ ਬਾਰੇ ਸਹਿਮਤੀ ਹੋਈ ਸੀ। ਦੱਖਣੀ ਕੋਰੀਆ ਦੇ ਰੱਖਿਆ ਮੰਤਰਾਲੇ ਨੇ ਸੋਮਵਾਰ ਨੂੰ ਕਿਹਾ ਕਿ ਦੋਵੇਂ ਧਿਰਾਂ ਸਰਹੱਦੀ ਪਿੰਡ ਪੈਨਮੁਨਜੋਮ ਵਿੱਚ ਸਾਂਝੇ ਸੁਰੱਖਿਆ ਖੇਤਰ ਵਿੱਚੋਂ ਆਉਣ ਵਾਲੇ 20 ਦਿਨਾਂ ’ਚ ਬਾਰੂਦੀ ਸੁਰੰਗ ਹਟਾਉਣ ਲਈ ਤਿਆਰ ਹਨ। ਇਹ ਖ਼ਤਰਨਾਕ ਕੰਮ ਦੱਖਣੀ ਕੋਰੀਆਈ ਫ਼ੌਜ ਦੇ ਇੰਜੀਨੀਅਰਾਂ ਨੇ ਆਪਣੇ ਖੇਤਰ ’ਚ ਸ਼ੁਰੂ ਕਰ ਦਿੱਤਾ ਹੈ। 250 ਮੀਟਰ ਲੰਬੇ ਫ਼ੌਜੀ ਖੇਤਰ ’ਚ ਸਿਰਫ਼ ਇਹੀ ਇਸ ਤਰ੍ਹਾਂ ਦਾ ਇਲਾਕਾ ਹੈ, ਜਿੱਥੇ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਆਹਮੋ-ਸਾਹਮਣੇ ਰਹਿੰਦੀਆਂ ਹਨ।

ਉੱਤਰੀ ਕੋਰੀਆ ਨੇ ਇਹ ਪੁਸ਼ਟੀ ਨਹੀਂ ਕੀਤੀ ਕਿ ਉਨ੍ਹਾਂ ਦੀ ਫ਼ੌਜ ਨੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ ਜਾਂ ਨਹੀਂ। ਸਾਲ 1950 ਤੋਂ 1953 ਤਕ ਹੋਏ ਉੱਤਰੀ ਕੋਰੀਆਈ ਜੰਗ ਦੇ ਏਨੇ ਸਾਲ ਬੀਤ ਜਾਣ ਦੇ ਬਾਵਜੂਦ ਦੋਵਾਂ ਦੇਸ਼ਾਂ ’ਚ ਹਾਲੇ ਤਕ ਜੰਗ ਦੇ ਖ਼ਾਤਮੇ ਦਾ ਐਲਾਨ ਨਹੀਂ ਹੋਇਆ।

# ਚੀਨ ਨੇ ਤਿੰਨ ਵੱਡੀਆਂ ਮਿਜ਼ਾਈਲਾਂ ਦੀ ਇਕੱਠੀ ਪਰਖ ਕੀਤੀ



ਬੀਜਿੰਗ, 1 ਅਕਤੂਬਰ (ਪੋਸਟ ਬਿਊਰੋ)- ਚੀਨ ਨੇ ਕੀਤਾ ਤਿੰਨ ਤਰ੍ਹਾਂ ਦੀਆਂ ਹਾਈਪਰਸੋਨਿਕ ਏਅਰਕ੍ਰਾਫਟ ਮਿਜ਼ਾਈਲਾਂ ਦਾ ਇਕੱਠਾ ਪ੍ਰੀਖਣ ਕਰਕੇ ਨਵੀਂ ਕਾਮਯਾਬੀ ਹਾਸਲ ਕੀਤੀ ਹੈ। ਇਹ ਪ੍ਰੀਖਣ ਪਿਛਲੀ 21 ਸਤੰਬਰ ਨੂੰ ਉਤਰੀ ਦੱਖਣੀ ਚੀਨ ਦੇ ਜਿਕੁਆਨ ਸੈਟੇਲਾਈਟ ਲਾਂਚ ਸੈਂਟਰ ਤੋਂ ਕੀਤਾ ਗਿਆ ਸੀ। ਇਨ੍ਹਾਂ ਮਿਜ਼ਾਈਲਾਂ 'ਚ ਆਵਾਜ਼ ਦੀ ਗਤੀ ਨਾਲੋਂ ਪੰਜ ਗੁਣਾ ਤੇਜ਼ ਚੱਲਣ ਵਾਲੀ ਮਿਜ਼ਾਈਲ ਵੀ ਸ਼ਾਮਲ ਸੀ।

ਮਿਲੀ ਜਾਣਕਾਰੀ ਅਨੁਸਾਰ ਤਿੰਨਾਂ ਮਿਜ਼ਾਈਲਾਂ ਦਾ ਆਕਾਰ ਅਤੇ ਡਿਜ਼ਾਇਨ ਵੱਖੋ ਵੱਖਰੇ ਹਨ। ਇਨ੍ਹਾਂ ਦੇ ਕੋਡ ਨੇਮ ਡੀ18-1ਐਸ, ਡੀ18-2ਐਸ ਤੇ 18-3ਐਸ ਹਨ। ਚੀਨ ਨੇ ਪਹਿਲੀ ਵਾਰ ਏਦਾਂ ਪ੍ਰੀਖਣ ਕੀਤਾ ਹੈ। ਚੀਨੀ ਵਿਗਿਆਨੀਆਂ ਦਾ ਮਕਸਦ ਇਨ੍ਹਾਂ ਦੀ ਮਾਰੂ ਸਮਰੱਥਾ ਨੂੰ ਅਚੂਕ ਬਣਾਉਣਾ ਹੈ। ਇਸ ਉਤੇ ਇਨ੍ਹਾਂ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਪਿਛਲੇ ਮਹੀਨੇ ਚੀਨ ਨੇ ਇਕ ਹਾਈਪਰਸੋਨਿਕ ਗਲਾਈਡਰ ਸਟਾਰੀ ਸਕਾਈ-2 ਦਾ ਪਹਿਲੀ ਵਾਰ ਪ੍ਰੀਖਣ ਕੀਤਾ ਸੀ। ਇਸ ਨੂੰ ਪਹਿਲਾਂ ਇਕ ਰਾਕੇਟ ਨਾਲ ਲਾਂਚ ਕੀਤਾ ਗਿਆ ਸੀ। ਬਾਅਦ 'ਚ ਇਨ੍ਹਾਂ ਨੇ ਖੁਦ ਮੇਕ-6 (ਆਵਾਜ਼ ਦੀ ਗਤੀ ਤੋਂ ਛੇ ਗੁਣਾ ਜਾਂ 7344 ਕਿਲੋਮੀਟਰ ਪ੍ਰਤੀ ਘੰਟੇ) ਦੀ ਗਤੀ ਹਾਸਲ ਕਰ ਲਈ ਸੀ। ਪੂਰੀ ਤਰ੍ਹਾਂ ਨਾਲ ਵਿਕਸਿਤ ਹੋਣ 'ਤੇ ਇਹ ਕਿਸੇ ਵੀ ਮੌਜੂਦ ਮਿਜ਼ਾਈਲ ਰੋਕੂ ਰੱਖਿਆ ਪ੍ਰਣਾਲੀ ਨੂੰ ਸੰਨ੍ਹ ਲਗਾਉਣ 'ਚ ਸਹਾਇਕ ਹੋਵੇਗਾ।

Jobs Jobs Jobs
General Labour/ Unloader/ Window Assemblers & Machine Operators
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 7 ਦਿਨ ਕੰਮ ਉਪਲਬਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030



Auto | Home | Business
“ਵਾਜਿਬ ਰੇਟ ਤੇ ਵਧੀਆ ਕਵਰੇਜ”
LUCKY
○ Unbeatable Prices ○ Huge Discounts on
○ Good Rates Various Insurances
Harmanjeet Kaur | 905.602.1629
LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

A/Z Drivers Needed/ਡਰਾਈਵਰਾਂ ਦੀ ਲੋੜ



➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”
New Drivers Are Also Welcome, We Give Paid Training With Full Time Job
For Further Information Contact: 6476253344

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
♦ Free Evaluation of your Property
♦ Special Packages for First Time Buyer
♦ Arrangement of Low Mortgage rate Lawyer
♦ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.



FOR SALE
$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE
Photo Not Available
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE
$859,900
Bramalea/Sandalwood
4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੌਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ



MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ
SPECIAL ON TRUCK ALIGNMENT | BRAND NEW MACHINES 2018
Brake & Drum - On Special Sale!
-Made in U.S
4 CAT Batteries 1000 on Special Sale
ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# Classifieds/ਕਲਾਸੀਫਾਈਡਸ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

## Domestic Help Required

Looking for domestic help which includes meal preparation, house cleaning and other supportive duties for two senior citizens.

- Work is 3 days per week.
- Wage will be $15.00 / hour.
- Punjabi/Hindi and English Preffered
- Must have a car to drive to work.

This care is for my inlaws in Carlisle Ontario (west of Milton).

Please call Tripat Bratch, 905-689-0164."

## ਡਰਾਈਵਰ ਤੇ ਕਾਮੀਆਂ ਦੀ ਲੋੜ


ਨਰਸਸੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਆਦਮੀਆਂ ਦੀ ਲੋੜ ਹੈ, ਕੰਮ ਪੂਰਾ ਹਫਤਾ ਚਲਦਾ ਹੈ। ਘਰੋਂ ਲੈ ਕੇ ਜਾਣ ਤੱਕ ਦਾ ਪੂਰਾ ਪ੍ਰਬੰਧ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ।

ਸੂਬੇਦਾਰ ਗਰੇਵਾਲ:

647-400-0060 | 647-621-1024

## ਵਾਜਿਬ ਕੀਮਤ ਤੇ ਤਸੱਲੀ ਬਖਸ਼ ਕੰਮ ਦੀ ਗਰੰਟੀ

With Over 15 Years of Experience



ਪੇਂਟ | ਬੈਕਸਪਲੈਸ਼ ਕਿਚਨ | ਬੇਸਮੈਂਟ ਫਿਨਿਸ਼ ਤੇ ਵਾਸ਼ਰੂਮ | ਫਲੋਰ ਟਾਇਲਜ

Perfect Renovations

Call Davinder Singh: 416.909.6650

## INNOVATION TRANSPORTATION NEEDED A/Z CITY DRIVER

ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ

○ 7 Days Work ○ All Shifts Available

- A/Z Driver Needed
- City Drivers Also Needed
- Good Pay/Mileage
- Day & Afternoon Shift & Weekend
- Weekly Pay

NOW HIRING $22 /Hour

Call : 416- 268-9952
70 Delta Park Blvd, Unit # 4, Brampton

## Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- 4 years Exp
- Secondary School with 1 year mobile repair certification

Email Resume at umar.w@cellntell.com

## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ

Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।

ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ

ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## PESTAGON Ltd

PEST CONTROL SERVICES

* RESIDENTIAL * COMMERCIAL

LICENCED BY GOVERNMENT
INSURED & BONDED
EVERY SERVICE WITH WARRANTY
SERVING GTA

CALL: 905-463-2153

Ants, Wasp, Centepede, Fleas, Bed Bugs

## V4U LOGISTIC INC.

Delivering "Satisfaction"... On Time ...Every Time.

NOW HIRING

A/Z Drivers Needed

For Canada To US Runs

- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile

USA Driver $0.60/mile | Canada wide $0.50/mile

- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ: 416-625-3096

ਟਰੱਕ ਮਕੈਨਿਕ ਦੀ ਵੀ ਲੋੜ ਹੈ

## City Translogistics Co.

ਨੂੰ ਡਰਾਈਵਰਾਂ ਦੀ ਲੋੜ ਹੈ

– City ਲਈ $20/hour

– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।

ਜਿਆਦਾ ਜਾਣਕਾਰੀ ਲਈ: 647-632-1742

## ਔਰਤਾਂ, ਮਰਦਾਂ ਅਤੇ ਬਚਿਆ ਦੀਆਂ ਬੀਮਾਰੀਆ

Chronic diseases of Men, Women and Children

Home Visit G Singh;
Ph: 416.931.0028

Dr. Edward Bach Flower Remedies




## Matrimonial

ਰਿਸ਼ਤੇ ਹੀ ਰਿਸ਼ਤੇ

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜਟ ਸਿਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

---

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

---

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

---

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

---

ਗਹੋਟਰਾ, ਕੈਨੇਡੀਅਨ ਸਿਟੀਜ਼ਨ, ਚੰਡੀਗੜ੍ਹ ਬੋਰਨ, ਉਮਰ 33 ਸਾਲ, ਕੱਦ 5'11" ਲਈ ਕੈਨੇਡੀਅਨ ਜਾਂ ਅਮੇਰਿਕਨ ਲੜਕੀ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-212-4856, 587-930-1345

---

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਸੰਪਰਕ- 647-237-5343, 647-688-4149

---

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-762-5375 । 905-455-8152

---

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

---

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

---

Match for a Jat Sikh Boy, 23, 6'3", vegetarian, student in Canada. Canadian PR or Citizen preferred. For more details contact 216-556-2080.


Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ


## ਲੜਕੇ ਦੀ ਲੋੜ

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

---

36 ਸਾਲ, ਜੱਟ ਗੁਰਸਿੱਖ, ਦਸਤਾਰ ਸਜਾਉਂਦੀ ਲੱੜਕੀ, ਕੱਦ 5'-3", **M.A** ,ਕਨੇਡਾ ਪੀ-ਆਰ ਤਲਾਕਸ਼ੁਦਾ, ਬੱਚਾ ਨਹੀ, ਲਈ ਗੁਰਸਿੱਖ ਲੜਕੇ ਦੀ ਲੋੜ ਹੈ। ਸਾਰਾ ਪਰਿਵਾਰ ਬਰੈਂਪਟਨ ਵਿੱਚ ਸੈਟਲਡ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 647-202-7902

---

ਜਟ ਸਿਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

---

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

---

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

---

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

---

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

---

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)


{ YOUR AD HERE }

Check our Free E-paper at:
www.canadianpunjabipost.ca

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## A/Z ਡਰਾਈਵਰ ਅਤੇ ਓਨਰ ਅਪਰੇਟਰਾਂ ਦੀ ਲੋੜ

CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ।

ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ

- Everyday dedicated run
Single driver : 600-2000 miles
Team driver : 5500miles/weel for USA

- Yard to Yard work
- Per miles : $1.45
- Driver Rate : 48 cents

Call Jagtar Raman : (647) 292-5757
(905) 595-0408

## amar

INTERMODAL • TRANSPORT • STORAGE

HIRING DRIVERS for Ontario and Montreal

Hiring Owner Operators Drivers

1 Year Prior Experience
Flexible in time
Good Salary

Contact Now
P: 905-893-2270 Ext 121
F: 905-893-9545
E: info@amartransport.com
W: www.amartransport.com

Lanes
Toronto local work
Montreal local work
Montreal Toronto highway work

7290 Major Mackenzie Drive Kleinberg, Ont. L0J 1C0

## AZ ਡਰਾਇਵਰਾਂ ਦੀ ਲੋੜ ਹੈ

"New Drivers are welcome"

ਵਧੀਆ ਤਨਖਾਹ
ਆਟੋਪਾਰਟਸ ਲਈ
ਆਟੋਮੈਟਿਕ ਟੱਰਕ

ਸਿੰਗਲ ਡਰਾਇਵਰ ਦੀ Toronto to Montreal ਲਈ ਲੋੜ ਹੈ
ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ

416.904.0715 | 647.456.8520

## MANN RENOVATION

ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :

416 839 0647, 905-598-4640

## RESIDENTIAL - COMMERCIAL PROPERTY - INDUSTRIAL



KARAM SINGH PUNIAN
Sales Representative

For all your Real Estate Need Call
416.262.2600
Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Call For Any kind Of Advertising..!
905-793-2202
news@punjabipost.ca
www.canadianpunjabipost.ca

Award winning news paper
ਕੈਨੇਡੀਅਨ ਪੰਜਾਬੀ ਪੋਸਟ
Canadian Punjabi Post

# NEED A LAWYER ??
# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਗੁਰੂ ਨਾਨਕ ਯਾਤਰਾ ਸੁਸਾਇਟੀ ਕੈਨੇਡਾ ਵੱਲੋਂ

# ਪਾਕਿਸਤਾਨ ਗੁਰਧਾਮ ਯਾਤਰਾ 2018

ਗੁਰੂ ਪਿਆਰੀ ਸੰਗਤ ਜੀ, ਜਸਬੀਰ ਸਿੰਘ ਬੋਪਾਰਾਏ ਵੱਲੋਂ "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਮੌਕੇ ਆਪ ਸੰਗਤਾਂ ਦੇ ਸਹਿਯੋਗ ਨਾਲ ਪੰਥ ਤੋਂ ਵਿਛੜੇ ਗੁਰਧਾਮਾਂ ਦੀ 10 ਦਿਨਾਂ ਯਾਤਰਾ ਦਾ ਪ੍ਰਬੰਧ ਕੀਤਾ ਗਿਆ ਹੈ। ਗੁ:ਸ੍ਰੀ ਨਨਕਾਣਾ ਸਾਹਿਬ, ਗੁ: ਪੰਜਾ ਸਾਹਿਬ, ਗੁ: ਕਰਤਾਰਪੁਰ ਸਾਹਿਬ ਸਮੇਤ 25 ਤੋਂ ਵੱਧ ਗੁਰਧਾਮਾਂ ਅਤੇ ਸ਼ਾਹੀ ਕਿਲੇ ਦੇ ਦਰਸ਼ਨ, ਅਨਾਰਕਲੀ ਬਜ਼ਾਰ ਵਿੱਚ ਸ਼ਾਪਿੰਗ ਕਰਵਾਈ ਜਾਵੇਗੀ। ਵਧੀਆ ਹੋਟਲ ਵਿੱਚ ਰਿਹਾਇਸ਼, ਵੈਜੀ ਖਾਣਾ, AC ਡੀਲਕਸ ਕੋਚ ਅਤੇ ਜ਼ੈਡ ਸਕਿਓਰਿਟੀ ਹੋਵੇਗੀ। ਬਜੁਰਗਾਂ ਦੇ ਪਿੰਡ ਵੇਖਣ ਦਾ ਖਾਸ ਪ੍ਰਬੰਧ ਹੈ। ਯਾਤਰਾ ਖਰਚ ਪਾਕਿਸਤਾਨ $1000 ਦੁਬਈ $700+ ਵੀਜਾ

ਨਵੰਬਰ 2018 ਪਾਕਿਸਤਾਨ, ਦੁਬਈ ਅਤੇ ਹਜੂਰ ਸਾਹਿਬ ਦੀ ਯਾਤਰਾ ਲਈ ਬੁਕਿੰਗ ਸ਼ੁਰੂ ਹੈ।

ਸੰਸਾਰ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਅਤੇ ਵੀਜ਼ਾ ਸੇਵਾਵਾਂ ਵੀ ਲੈ ਸਕਦੇ ਹੋ।

JASBIR SINGH BOPARAI - 647.231.1600

Office: 905.299.1313 Toll Free: 1.844.698.1313 Fax: 905.698.1212 Email: gurdhamyatra@gmail.com- 2980 Drew Rd. Unit 131 Malton ON. (Great Panjab Plaza)



# Action Kitchen & Bath Inc


MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ



SPECIAL DISCOUNT FOR CONTRACTORS

Custom Kitchen & Vanities • Granite Countertops
Complete Kitchen & Bathroom Renovations
3D Computer Design



We will beat any written quote by 10%

Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY

actionkitchen@live.ca
www.actionkitchen.ca

8 Starthern Ave, Unit 1 & 2, Brampton (South of Steeles facing Dixie)



# BEST CANADIAN TRUCK & FORKLIFT TRAINING CENTRE

Registered as a Private Career College Under the Private Career Colleges Act. 2005



- AZ Tractor Trailer Program
- Manual Transmission & Backup Training Everyday
- We Welcome Welfare & Workers Compensation Clients

**SPECIAL** Forklift Re-Certification Only $69



Karnail Singh

Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8



# ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



## ਦੀਪਿਕਾ ਨੇ ਵਿੱਕੀ ਕੌਸ਼ਲ ਨਾਲ ਕੰਮ ਕਰਨ ਤੋਂ ਕੀਤਾ ਸੀ ਮਨ੍ਹਾ





ਦੀਪਿਕਾ ਪਾਦੁਕੋਣ ਦੀ ਸੁਪਰਹਿੱਟ ਫਿਲਮ 'ਪਦਮਾਵਤ' ਇਸ ਸਾਲ ਦੇ ਸ਼ੁਰੂ ਵਿੱਚ ਰਿਲੀਜ਼ ਹੋਈ ਸੀ। ਇਸ ਵਿੱਚ ਉਸ ਦੇ ਨਾਲ ਰਣਵੀਰ ਸਿੰਘ ਅਤੇ ਸ਼ਾਹਿਦ ਕਪੂਰ ਵੀ ਸਨ। ਸੰਜੇ ਲੀਲਾ ਭੰਸਾਲੀ ਨਿਰਦੇਸ਼ਿਤ ਇਸ ਫਿਲਮ ਵਿੱਚ ਸ਼ਾਹਿਦ ਨੇ ਰਾਜਾ ਰਤਨ ਸਿੰਘ ਦਾ ਰੋਲ ਕੀਤਾ ਸੀ। ਇਸ ਕਿਰਦਾਰ ਲਈ ਮੇਕਰਸ ਨੇ ਸ਼ਾਹਿਦ ਤੋਂ ਪਹਿਲਾਂ ਕਈ ਕਲਾਕਾਰਾਂ ਨਾਲ ਗੱਲ ਕੀਤੀ ਸੀ। ਇਥੋਂ ਤੱਕ ਕਿ ਸ਼ਾਹਰੁਖ ਖਾਨ ਨੂੰ ਵੀ ਰੋਲ ਆਫਰ ਕੀਤਾ ਸੀ, ਪਰ ਅਖੀਰ ਸ਼ਾਹਿਦ ਨੇ ਇਹ ਰੋਲ ਕੀਤਾ।

ਸੁਣਨ ਵਿੱਚ ਆਇਆ ਹੈ ਕਿ ਮੇਕਰਸ ਨੇ ਵਿੱਕੀ ਕੌਸ਼ਲ ਨੂੰ ਵੀ ਰੋਲ ਆਫਰ ਕੀਤਾ ਸੀ, ਪਰ ਦੀਪਿਕਾ ਨੇ ਉਸ ਦੇ ਨਾਲ ਕੰਮ ਕਰਨ ਤੋਂ ਰੋਕ ਦਿੱਤਾ ਸੀ। ਉਹ ਕਿਸੇ ਵੱਡੇ ਐਕਟਰ ਨਾਲ ਕੰਮ ਕਰਨਾ ਚਾਹੁੰਦੀ ਸੀ। ਹਾਲ ਹੀ ਵਿੱਚ ਦੀਪਿਕਾ, ਵਿੱਕੀ ਨਾਲ ਇੱਕ ਐਡ ਵਿੱਚ ਦਿਖਾਈ ਦਿੱਤੀ ਹੈ ਤੇ ਅਜਿਹਾ 'ਰਾਜ਼ੀ' ਅਤੇ 'ਸੰਜੂ' ਦੀ ਸਕਸੈੱਸ ਦੇ ਬਾਅਦ ਹੋਇਆ ਹੈ।

## ਆਲੀਆ ਤੋਂ ਦੂਰ ਹੋਏ ਵਰੁਣ





ਇਸ ਵਿੱਚ ਕੋਈ ਸ਼ੱਕ ਨਹੀਂ ਰਿਹਾ ਕਿ ਵਰੁਣ ਧਵਨ ਨੇ ਆਲੀਆ ਭੱਟ ਤੋਂ ਦੂਰੀ ਬਣਾ ਲਈ ਹੈ। ਕਰਣ ਜੌਹਰ ਦੀ ਕੰਪਨੀ ਵਿੱਚ ਬਣਨ ਵਾਲੀ ਫਿਲਮ 'ਰਣਭੂਮੀ' ਬਾਰੇ ਲੰਬੇ ਸਮੇਂ ਤੋਂ ਵਰੁਣ ਦੇ ਨਾਲ ਆਲੀਆ ਦੀ ਜੋੜੀ ਕੰਮ ਕਰਨ ਦੀ ਚਰਚਾ ਜ਼ੋਰਾਂ 'ਤੇ ਸੀ। ਪਹਿਲਾਂ ਕਿਹਾ ਗਿਆ ਸੀ ਕਿ ਆਲੀਆ ਨੇ ਹਾਂ ਕਹਿ ਦਿੱਤੀ ਹੈ, ਸਿਰਫ ਤਰੀਕਾਂ ਦਾ ਤਾਲਮੇਲ ਕੀਤਾ ਜਾ ਰਿਹਾ ਹੈ। ਨਵੀਂ ਖਬਰ ਹੈ ਕਿ 'ਰਣਭੂਮੀ' ਵਿੱਚ ਵਰੁਣ ਅਤੇ ਕਿਆਰਾ ਅਡਵਾਨੀ ਦੀ ਜੋੜੀ ਕੰਮ ਕਰ ਰਹੀ ਹੈ।


ਜਾਣਕਾਰ ਸੂਤਰਾਂ ਅਨੁਸਾਰ ਆਲੀਆ ਦੇ ਨਾਂਅ ਨੂੰ ਹਟਾਉਣ ਵਿੱਚ ਵਰੁਣ ਦੀ ਭੂਮਿਕਾ ਰਹੀ ਹੈ। 'ਸਟੂਡੈਂਟਸ ਆਫ ਦੀ ਈਅਰ' ਦੇ ਇਲਾਵਾ ਵਰੁਣ-ਆਲੀਆ 'ਦੁਲਹਨੀਆਂ' ਸੀਰੀਜ਼ ਦੀਆਂ ਦੋ ਫਿਲਮਾਂ ਵਿੱਚ ਇਕੱਠੇ ਕੰਮ ਕਰ ਚੁੱਕੇ ਹਨ। ਦੋਵਾਂ ਦੀ ਚੰਗੀ ਕੈਮਿਸਟਰੀ ਮੰਨੀ ਜਾਂਦੀ ਹੈ। ਵਰੁਣ ਦੇ ਇੱਕ ਕਰੀਬੀ ਮੁਤਾਬਕ ਆਲੀਆ ਦੇ ਨਾਲ ਵਰੁਣ ਦੀ ਦੂਰੀ ਦਾ ਕਾਰਨ ਰਣਬੀਰ ਕਪੂਰ ਨੂੰ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਦੇ ਆਲੀਆ ਇਨ੍ਹੀਂ ਦਿਨੀਂ ਬੇਹੱਦ ਕਰੀਬ ਮੰਨੀ ਜਾ ਰਹੀ ਹੈ। ਦੱਸਿਆ ਜਾਂਦਾ ਹੈ ਕਿ ਆਪਣੀ ਫਿਲਮ 'ਸੂਈ ਧਾਗਾ' ਬਾਰੇ ਵਰੁਣ ਨੇ ਆਲੀਆ ਨੂੰ ਮਿਲਣਾ ਚਾਹਿਆ ਸੀ। ਆਲੀਆ ਨੇ ਪਹਿਲਾਂ ਵਕਤ ਦਿੱਤਾ ਅਤੇ ਬਕੌਲ ਵਰੁਣ ਦੇ ਦੋਸਤ, ਫਿਰ ਮੁਲਾਕਾਤ ਕੈਂਸਲ ਕਰ ਕੇ ਰਣਬੀਰ ਨੂੰ ਮਿਲਣ ਤੁਰ ਗਈ।



## ਪੰਜਾਬੀ ਫਿਲਮ 'ਵਣਜਾਰਾ' ਵਿੱਚ ਆ ਰਹੀ ਹੈ ਟੀ ਵੀ ਕਲਾਕਾਰ ਸ਼ਰਧਾ ਆਰੀਆ

ਟੀ ਵੀ ਸੀਰੀਅਲ 'ਕੁੰਡਲੀ ਭਾਗਯ' ਫੇਮ ਅਭਿਨੇਤਰੀ ਸ਼ਰਧਾ ਆਰੀਆ ਪੰਜਾਬੀ ਫਿਲਮ ਇੰਡਸਟਰੀ ਵਿੱਚ ਐਂਟਰੀ ਕਰਨ ਲਈ ਤਿਆਰੀ ਕਰ ਰਹੀ ਹੈ। ਇਹ ਉਸ ਦੀ ਪਹਿਲੀ ਪੰਜਾਬੀ ਫਿਲਮ ਹੋਵੇਗੀ ਜਿਸ ਦਾ ਨਾਂਅ ਹੋਵੇਗਾ 'ਵਣਜਾਰਾ-ਦ ਟਰੱਕ ਡਰਾਈਵਰ' ਹੈ।

ਸ਼ਰਧਾ ਨੇ ਦੱਸਿਆ, ''ਇਸ ਫਿਲਮ ਦੀ ਕਹਾਣੀ ਇੱਕ ਟਰੱਕ ਡਰਾਈਵਰ ਦੇ ਦੁਆਲੇ ਘੁੰਮਦੀ ਹੈ ਅਤੇ ਮੈਂ ਇਸ ਵਿੱਚ ਫੀਮੇਲ ਲੀਡ ਰੋਲ ਨਿਭਾ ਰਹੀ ਹਾਂ। ਇਸ ਪੰਜਾਬੀ ਫਿਲਮ ਦੀ ਸ਼ੂਟਿੰਗ ਕਰਦੇ ਹੋਏ ਮੈਂ ਅਤੀਤ ਵਿੱਚ ਪਹੁੰਚ ਗਈ ਸੀ। ਮੈਂ ਬੀਤੇ ਪੰਜ ਸਾਲਾਂ ਤੋਂ ਟੈਲੀਵਿਜ਼ਨ 'ਤੇ ਕੰਮ ਕਰ ਰਹੀ ਸੀ ਅਤੇ ਇਸ ਦੌਰਾਨ ਮੈਂ ਫਿਲਮਾਂ ਵਿੱਚ ਕੰਮ ਕਰਨਾ ਕਾਫੀ ਮਿਸ ਕੀਤਾ। ਸ਼ਰਧਾ ਇਸ ਤੋਂ ਪਹਿਲਾਂ ਸਾਊਥ ਦੀਆਂ ਫਿਲਮਾਂ ਵਿੱਚ ਕੰਮ ਕਰ ਚੁੱਕੀ ਹੈ।''



## 'ਅਰਜੁਨ ਰੈੱਡੀ' ਵਿੱਚ ਕਿਆਰਾ ਅਡਵਾਨੀ ਹੋਵੇਗੀ

ਤੇਲਗੂ ਬਲਾਕਬਸਟਰ 'ਅਰਜੁਨ ਰੈੱਡੀ' ਦੇ ਹਿੰਦੀ ਰੀਮੇਕ ਬਣਾਉਣ ਦੇ ਲਈ ਮੇਕਰਸ ਨੇ ਕਿਆਰਾ ਅਡਵਾਨੀ ਦਾ ਨਾਂਅ ਫਾਈਨਲ ਕਰ ਲਿਆ ਹੈ। ਉਹ ਇਸ ਫਿਲਮ ਵਿੱਚ ਸ਼ਾਹਿਦ ਕਪੂਰ ਦੀ ਲਵ ਇੰਟ੍ਰੈਸਟ ਦਾ ਕਿਰਦਾਰ ਨਿਭਾਏਗੀ। ਸੰਦੀਪ ਵਾਂਗਾ ਦੇ ਨਿਰਦੇਸ਼ਨ ਵਿੱਚ ਬਣਨ ਵਾਲੀ ਇਸ ਫਿਲਮ ਲਈ ਪਹਿਲਾਂ ਤਾਰਾ ਸੁਤਾਰੀਆ ਦਾ ਨਾਂਅ ਆਇਆ ਸੀ, ਪਰ ਕਿਸੇ ਕਾਰਨ ਉਨ੍ਹਾਂ ਨੇ ਇਹ ਫਿਲਮ ਛੱਡ ਦਿੱਤੀ।

ਚਰਚਾ ਇਹ ਸੀ ਕਿ ਇਸ ਫਿਲਮ ਲਈ ਮੇਕਰਸ ਨੇ ਜਾਹਨਵੀ ਕਪੂਰ ਨੂੰ ਅਪਰੋਚ ਕੀਤਾ ਸੀ, ਪਰ ਫਿਲਮ ਵਿੱਚ ਫੀਮੇਲ ਲੀਡ ਦਾ ਰੋਲ ਛੋਟਾ ਹੋਣ ਕਾਰਨ ਉਸ ਨੇ ਮਨ੍ਹਾ ਕਰ ਦਿੱਤਾ। ਇਹ ਫਿਲਮ ਅਕਤੂਬਰ ਮਹੀਨੇ ਦੀ ਸ਼ੁਰੂਆਤ ਵਿੱਚ ਫਲੋਰ 'ਤੇ ਜਾਏਗੀ। ਇਸ ਕਿਰਦਾਰ ਨੂੰ ਲੈ ਕੇ ਕਿਆਰਾ ਨੇ ਕਿਹਾ, ''ਇਸ ਕਿਰਦਾਰ ਦੇ ਕਈ ਸ਼ੇਡਸ ਹਨ ਅਤੇ ਮੈਂ ਇਸ ਨੂੰ ਕਰਨ ਦੇ ਲਈ ਐਕਸਾਈਟਿਡ ਹਾਂ।''

## 'ਤਨੂ ਵੈਡਸ ਮਨੂ 3' ਵਿੱਚ ਅਭਿਸ਼ੇਕ ਅਤੇ ਤਾਪਸੀ







'ਤਨੂ ਵੈਡਸ ਮਨੂ' ਦੀ ਹਾਲੇ ਤੱਕ ਦੋਵਾਂ ਸੀਕਵਲ ਵਿੱਚ ਕੰਗਨਾ ਤੇ ਮਾਧਵਨ ਦੀ ਜੋੜੀ ਸੀ, ਪਰ ਤੀਸਰੇ ਸੀਕਵਲ ਨੂੰ ਲੈ ਕੇ ਕਿਹਾ ਜਾ ਰਿਹਾ ਹੈ ਕਿ ਇਸ ਵਾਰ ਫਿਲਮ ਵਿੱਚ ਨਵੀਂ ਜੋੜੀ ਕੰਮ ਕਰੇਗੀ। ਚਰਚਾ ਹੈ ਕਿ ਇਸ ਵਾਰ ਮਨੂ ਅਭਿਸ਼ੇਕ ਬੱਚਨ ਅਤੇ ਤਨੂ ਤਾਪਸੀ ਪੰਨੂ ਹੋ ਸਕਦੀ ਹੈ। ਅਨੁਰਾਗ ਕਸ਼ਯਪ ਦੀ ਫਿਲਮ 'ਮਨਮਰਜ਼ੀਆਂ' ਵਿੱਚ ਦੋਵਾਂ ਦੀ ਕੈਮਿਸਟਰੀ ਦੀ ਤਾਰੀਫ ਹੋਈ। ਖਾਸ ਤੌਰ 'ਤੇ ਆਨੰਦ ਐੱਲ ਰਾਏ ਦੋਵਾਂ ਦੀ ਖੂਬ ਤਾਰੀਫ ਕਰ ਰਹੇ ਹਨ।

ਉਂਜ 'ਤਨੂ ਵੈਡਸ ਮਨੂ 3' ਨੂੰ ਲੈ ਕੇ ਇੱਕ ਹੋਰ ਗੱਲ ਅਹਿਮ ਮੰਨੀ ਜਾ ਰਹੀ ਹੈ ਕਿ ਹੋ ਸਕਦਾ ਹੈ ਕਿ ਦੋਵਾਂ ਭਾਗਾਂ ਦਾ ਨਿਰਦੇਸ਼ਨ ਕਰਨ ਵਾਲੇ ਆਨੰਦ ਐੱਲ ਰਾਏ ਇਸ ਵਾਰ ਸਿਰਫ ਨਿਰਮਾਤਾ ਦੇ ਤੌਰ 'ਤੇ ਹੀ ਹੋਣ ਅਤੇ ਨਿਰਦੇਸ਼ਨ ਦਾ ਕੰਮ ਕਿਸੇ ਹੋਰ ਨੂੰ ਸੌਂਪਿਆ ਜਾਏ।


Touch A

- Massage
- Reflexology
- Hot Stone Therapy
- Health Consulting





Hany
Practitioner
CAHT, CRHP, RNC, RNHP

Hany Abaad ਕਈ ਦਹਕਿਆਂ ਤੋਂ ਬਰੈਂਪਟਨ ਵਿਖੇ ਮਸਾਜ ਰਾਹੀਂ, ਲੋਅਰ ਬੈਕ, ਧੌਣ, ਮੌਢੇ ਅਤੇ ਲੱਤਾਂ ਆਦਿ ਦੇ ਦਰਦਾਂ ਨੂੰ ਮਸਾਜ ਰਾਹੀਂ ਠੀਕ ਕਰਦੇ ਆ ਰਹੇ ਹਨ। ਇਹ Certified Massage Therapy ਦੇ ਨਾਲ Iridologist ਵੀ ਹਨ ਅਤੇ ਅਤੇ ਹਜਾਰਾਂ ਪੰਜਾਬੀ ਅਤੇ ਹੋਰ ਭਾਈਚਾਰੇ ਦੇ ਲੋਕ ਇਨ੍ਹਾਂ ਤੋਂ ਮਸਾਜ ਕਰਵਾਕੇ ਦਰਦਾਂ ਤੋਂ ਛੁਟਕਾਰਾ ਪਾ ਚੁੱਕੇ ਹਨ। ਇਹਨਾਂ ਪਾਸ ਦਾੜੀ ਅਤੇ ਵਾਲਾਂ ਨੂੰ ਲਿਸ਼ਕਾਉਣ ਅਤੇ ਮੁਲਾਇਮ ਬਣਾਉਣ ਲਈ ਖੁਦ ਹੀ ਤਿਆਰ ਕੀਤਾ ਤੇਲ, Chemical Free Soap ਜੋ Skin Allergy ਅਤੇ Migraine ਆਦਿ ਤੋਂ ਪੀੜਤ ਲੋਕਾਂ ਲਈ ਬਹੁਤ ਲਾਹਿਬੰਦ ਹੁੰਦਾ ਹੈ, ਵੀ ਮਿਲਦਾ ਹੈ। ਸਾਫ ਸੁਥਰੀ Massage Parlour ਤੇ ਆਓ ਅਤੇ Experience the Difference. ਔਰਤਾਂ ਦੀ Privacy ਦਾ ਵੀ ਖਾਸ ਧਿਆਨ ਰੱਖਿਆ ਜਾਂਦਾ ਹੈ।



416-300-1018

Email: touchsoap@gmail.com
For Luxurious & Natural Products Visit us at: www.TouchA.ca

RE-ELECT LINDA JEFFREY
TOGETHER WE CAN DO MORE



**Election Day:**
Monday, October 22
10:00am – 8:00pm

**Advance Voting:**
October 2 – 13

✓ Safer community
✓ Attract and create jobs
✓ Improve transit and fight gridlock

**For more information:**
info@lindajeffrey.ca
Facebook.com/BramptonLinda
Volunteering: LindaJeffrey.ca
www.lindajeffrey.ca
@LindaJeffrey
289-201-0609

RE-ELECT MARTIN MEDEIROS
BRAMPTON REGIONAL COUNCILLOR FOR WARDS 3 & 4

**Delivered Results 2014–2018**

- Member of the Blue Ribbon Panel that finally brought Brampton's first university
- Focus on crime and safety such as supporting the addition of 37 police officers and coordination of stakeholders for a safer city
- Lead role in the largest restructuring and modernization of Brampton City Hall to improve customer service and eliminate high salaries and excessive bureaucracy
- Delivered Brampton 2040 Vision, a plan for a modern, sustainable, well-planned urban city, including revitalization of our downtown
- Led the charge to build Brampton's first homeless youth shelter, affordable transit pilot project and developed a 10 year Housing Strategy as the Chair of Human Services at Peel Region



My top priority since taking office in 2014 has been to effect change and restore residents' confidence in City Hall.

I will continue to tackle issues such as: fighting gridlock, creating jobs, improving public transit, reducing crime, better healthcare and building a culture at city hall of respect for hard-earned taxpayer dollars. I will continue to advocate on your behalf as we work to **Move Brampton Forward.**

VOTE MEDEIROS 8975 McLAUGHLIN RD. S UNIT 9 martinmedeiros.ca OCTOBER 22, 2018
vote@martinmedeiros.ca 647.956.5319 ReelectMartinMedeiros medeiros_martin vote_martin_medeiros




LIGHT SPEED Logistics Inc.
"Always There For You"

Web: www.lslinc.com
Email: safedrivers@lslinc.com

NOW HIRING

**Owner Operators:**
- US Team(ON to Midwest) (Loaded/Empty) $1.80*
- US Team(Open Board)..................... $1.73*
- US Single(ON to Midwest)............... $1.70*
- US Single(Open Board).................. $1.63*
- Canadian Team.......................... $1.66*
- Canadian Singles(AB to BC).......... $1.91*
- Canadian Singles(Open Board)..... $1.56*
- Hourly Waiting Pay
- Paid Meat Inspection

*Rates are based on the current fuel surcharge.

**Company Drivers**(Up to):
- US Single(ON to Midwest)............... $0.62
- US Single(Open Board).................. $0.54
- US Team.......................................... $0.66
- Canadian Team............................. $0.62
- Canadian Singles(AB to BC).......... $0.56
- Canadian Singles(Open Board).... $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3
6015 Kestrel Rd, Mississauga, ON L5T 1S8

